ISSN 0972-2335

# ਅੰਮ੍ਰਿਤ ਕੀਰਤਨ

## ਜੂਨ 2020



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਅੱਸੂ

ਅੱਸੂ ਅਸਾਂ ਨੂੰ ਕਰਕੇ ਭੌਰਾ
ਕੀਤਾ ਫੇਰ ਨਿਰਾਸਾ ਕੀ।
ਕੌਲ ਕਰਾਰ  ਜੋ ਕੀਤੇ ਹੋਇ
ਕਹਿਣਾ ਆਸਾਂ ਜਾਸਾਂ ਕੀ।
ਤੱਤਿਆਂ ਨੂੰ ਫਿਰ ਤਾਹਣਾ ਕੀ
ਤੇ ਮਾਨੀਆਂ ਬਣਨਾਂ ਦਾਸਾਂ ਕੀ।
ਲੈ ਲੈ ਬੰਦਿਆ ਨਾਮ ਹਰੀ ਦਾ
ਫਿਰ ਮਗਰੋਂ ਪਛਤਾਸਾਂ ਕੀ।
ਤਰਸਨ ਪਏ ਹੁਣ ਪ੍ਰਾਣ ਆਸਾਡੇ
ਬਾਕੀ ਰਹਿਣਾ ਸਵਾਸਾਂ ਕੀ।
ਤਾਂਘ ਤੇਰੀ ਵਿੱਚ ਫਿਰਾਂ ਬਾਵਰੀ
ਹੋਰ ਕਿਤੇ ਵਾਲ ਜਾਸਾਂ ਕੀ।
ਸਿਕਦੀ ਸਿਕਦੀ ਆਤੁਰ ਹੋਈ
ਕੀ ਪੀਸਾਂ ਕੀ ਖਾਸਾਂ ਕੀ।
ਸੰਤੋਖ ਸਿੰਘ ਦੱਸੋ ਮਾਹੀ ਬਿਨ
ਰੂਹਾਂ ਰਹਿਣਾ ਲਾਸ਼ਾਂ ਕੀ।

## अस्सू

अस्सू असां नूं करके भौरा
किता फेर निरासा की।
कौल करार जो कीते होई
कहना आसां जासां की।
तत्त्यां नूं फिर ताहना की
ते मानियां बणनां दासां की।
ले ले बन्द्या नाम हरी दा
फिर मगरों पछतासां की।
तरसन पए हून प्रान आसाडे
बाकी रहना सवासां की।
तांघ तेरी विच्च फिरां बावरी
होर किते वाल जासां की।
सिकदी सिकदी आतुर होयी
की पीसां की खासां की।
संतोख सिंह दस्सो माही बिन
रूहां रहना लाशां की।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

## ਇਸ ਅੰਕ ਵਿਚ


| | |
|---|---|
| ਅੱਸੂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ: ਕਰਉ ਬੇਨੰਤੀਆ: ਵੇਖ ਕੇ ਅਣਡਿਠ ਕੀਤਾ | 2 |
| ਗੁਰਮਤਿ ਸੰਗੀਤ ਵਿਚ ਰਾਗ ਭੈਰਉ ਅਤੇ ਸਾਰੰਗ – ਡਾ: ਗੁਰਨਾਮ ਸਿੰਘ | 3 |
| ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ – ਡਾ. ਜਾਗੀਰ ਸਿੰਘ | 5 |
| ਆਰਤੀ–ਚਿੱਤਰ (ਚਿੱਤਰਕਾਰ: ਜੀ.ਐਸ. ਸੋਹਨ ਸਿੰਘ) – ਸਮੀਖਿਆਕਾਰ ਜਗਤਾਰਜੀਤ ਸਿੰਘ | 15 |
| Dhur ki bani in Sri Guru Granth Sahib - Bably S. Singh | 18 |
| धर्म और संगीत – डा. रश्मीत सिंह | 20 |
| ਸੁਰਲਿਪੀ ਰਾਗ ਆਸਾਵਰੀ – ਗੁਰਬਖ਼ਸ਼ ਸਿੰਘ | 22 |
| ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ | ਟਾ-3 |
| ਆਰਤੀ-ਚਿੱਤਰ, ਸ਼ਬਦ ਅਤੇ ਸ਼ਬਦ-ਗਾਯਨ – ਡਾ. ਜਾਗੀਰ ਸਿੰਘ | ਟਾ-4 |



**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਵੇਖ ਕੇ ਅਣਡਿਠ ਕੀਤਾ

ਸਾਡੀ ਅਰਦਾਸ ਜਿਸ ਨੂੰ ਅਸੀਂ ਰੋਜ਼ ਕਈ ਵਾਰੀ ਪੜ੍ਹਦੇ ਸੁਣਦੇ ਅਤੇ ਇਸ ਵਿਚ ਸ਼ਾਮਲ ਹੁੰਦੇ ਹਾਂ ਇਸ ਵਿਚ ਇਕ ਪੂਰਨ ਜੀਵਨ ਜਾਚ ਹੈ। ਇਹ ਇਕ ਤਰ੍ਹਾਂ ਦਾ ਵਿਧਾਨ ਹੈ। ਇਸ ਨੂੰ ਸਮਝਣਾ ਬੜਾ ਜ਼ਰੂਰੀ ਹੈ। ਮੈਂ ਕਈ ਵਾਰ ਅਰਦਾਸ ਕਰਦਾ ਰਿਹਾ ਹਾਂ। ਪਰ ਇਸ ਦਾ ਡੂੰਘੇਰਾ ਅਰਥ ਮੈਨੂੰ ਡਾਕਟਰ ਜਸਵੰਤ ਸਿੰਘ ਨੇਕੀ ਦੀ ਪੁਸਤਕ 'ਅਰਦਾਸ-ਦਰਸ਼ਨ ਰੂਪ ਅਭਿਆਸ' ਪੜ੍ਹ ਕੇ ਹੀ ਸਮਝ ਪਿਆ। ਮੈਂ ਇਹ ਪੁਸਤਕ ਹਰ ਇਕ ਨੂੰ ਪੜ੍ਹਨ ਦੀ ਸਿਫਾਰਿਸ਼ ਕਰਦਾ ਹਾਂ। ਅਜ ਮੈਂ ਇਸ ਪੁਸਤਕ ਬਾਰੇ ਨਹੀਂ ਲਿਖ ਰਿਹਾ ਅਜ ਤਾਂ ਇਸ ਪੁਸਤਕ ਦੇ ਇੱਕ ਚੈਪਟਰ 'ਵੇਖ ਕੇ ਅਣਡਿਠ ਕੀਤਾ' ਬਾਰੇ ਲਿਖ ਰਿਹਾ ਹਾਂ। ਅਸੀਂ ਅਜ ਵੇਖ ਰਹੇ ਹਾਂ ਕਿ ਹਰ ਕੋਈ ਇਕ-ਦੂਜੇ ਦੀ ਨਿੰਦਿਆ ਕਰਨ ਨੂੰ ਪਹਿਲ ਦਿੰਦਾ ਹੈ। ਹਰ ਕੋਈ ਅਜੋਕੀਆਂ ਸਮੱਸਿਆਵਾਂ ਦਾ ਕਾਰਨ ਆਪਣੇ ਪੁਰਾਣੇ ਲੀਡਰਾਂ ਨੂੰ ਮੰਨ ਕੇ ਭੰਡੀ-ਪ੍ਰਚਾਰ ਕਰਦਾ ਹੈ। ਦੂਜੇ ਦੇ ਔਗੁਣਾਂ ਨੂੰ ਉਛਾਲਣਾ ਤਾਂ ਆਮ ਜਿਹਾ ਹੋ ਗਿਆ ਹੈ। ਅਸੀਂ ਪਰਮਾਤਮਾ ਪਾਸ ਆਪਣੇ ਲਈ ਇਹ ਅਰਦਾਸ ਕਰਦੇ ਹਾਂ ਕਿ ਉਹ ਸਾਡੇ ਅਉਗੁਣ ਨਾ ਚਿਤਾਰੇ। ਉਸ ਬਾਰੇ ਕਿਹਾ ਵੀ ਗਿਆ ਹੈ-

ਅਉਗਣ ਕੋ ਨਾ ਚਿਤਾਰਦਾ ਗਲ ਸੇਤੀ ਲਾਇਕ।

ਗੁਰਬਾਣੀ ਵਿੱਚ ਪਵਿਤਰ ਵਾਕ ਹਨ-

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣ ਅਉਗੁਣ ਨਾ ਬਿਚਾਰੋ ਕੋਈ।
ਮਾਟੀ ਦਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ।

ਜੇਤਾ ਸਮੁੰਦ ਸਾਗਰ ਨੀਰ ਭਰਿਆ ਤੇਤੇ ਅਉਗਣ ਹਮਾਰੇ।
ਦਇਆ ਕਰਹੁ ਕਿਛ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ।

ਡਾਕਟਰ ਨੇਕੀ ਜੀ ਨੇ ਆਪਣੀ ਪੁਸਤਕ ਵਿਚ ਇਸ ਵਿਸ਼ੇ ਬਾਰੇ ਬੜਾ ਸੁੰਦਰ ਲਿਖਿਆ ਹੈ-

ਇਕ ਬੜੀ ਪਿਆਰੀ ਲੋਕ-ਕਥਾ ਹੈ ਜੋ 'ਵੇਖ ਕੇ ਅਣਡਿੱਠ ਕਰਨ' ਦਾ ਬੜਾ ਸੁੰਦਰ ਦ੍ਰਿਸ਼ਟਾਂਤ ਪੇਸ਼ ਕਰਦੀ ਹੈ।

ਦਸਦੇ ਹਨ, ਇਕ ਰਾਜੇ ਦੀ ਰਾਣੀ ਬੜੇ ਚੰਚਲ ਸੁਭਾ ਵਾਲੀ ਸੀ। ਰਾਜੇ ਦੇ ਵਜ਼ੀਰ ਨਾਲ ਉਸ ਦੇ ਸੰਬੰਧ ਸਨ। ਇਕ ਵੇਰਾਂ ਰਾਜਾ ਸ਼ਿਕਾਰ ਤੇ ਗਿਆ ਹੋਇਆ ਸੀ, ਤੇ ਰਾਣੀ ਰਾਜ ਮਹਿਲ ਵਿਚ ਵਜ਼ੀਰ ਨਾਲ ਰੰਗ-ਰਲੀਆਂ ਮਨਾ ਰਹੀ ਸੀ। ਰਾਜੇ ਨੂੰ ਬਾਹਰ ਗਿਆ ਜਾਣ ਕੇ ਦੋਵੇਂ ਓਥੇ ਹੀ ਸੌਂ ਗਏ। ਪਰ, ਰਾਜਾ ਸਮੇਂ ਤੋਂ ਪਹਿਲਾਂ ਹੀ ਪਰਤ ਆਇਆ। ਮਹਿਲ ਵਿਚ ਪੁੱਜਾ ਤਾਂ ਉਹਨਾਂ ਦੋਨਾਂ ਨੂੰ ਆਪਣੀ ਸੇਜਾ ਤੇ ਸੁੱਤਾ ਵੇਖਿਆ। ਰਾਣੀ ਦੇ ਢਿਲਕੇ ਬਸਤਰ ਇਕ ਵਾਰਤਾ ਕਹਿ ਰਹੇ ਸਨ। ਰਾਜੇ ਨੇ ਆਪਣੀ ਚਾਦਰ ਲਾਹੀ, ਅਛੋਪਲੇ ਜਹੇ, ਉਹਨਾਂ ਦੋਨਾਂ ਉਪਰ ਪਾ ਦਿੱਤੀ, ਤੇ ਆਪ ਓਥੋਂ ਚਲਾ ਗਿਆ। ਤੜਕੇ, ਜਦ ਉਹ ਦੋਵੇਂ ਜਾਗੇ ਤਾਂ ਰਾਜੇ ਦੀ ਚਾਦਰ ਆਪਣੇ ਉਪਰ ਪਈ ਵੇਖ ਕੇ ਬੜਾ ਤ੍ਰਭਕੇ। ਪਰ ਰਾਜੇ ਨੇ ਇਸ ਬਾਰੇ ਨਾ ਰਾਣੀ ਨੂੰ ਕੁਝ ਪੁਛਿਆ, ਨਾ ਵਜ਼ੀਰ ਨੂੰ ਕੁਝ ਕਿਹਾ। ਕਈ ਚਿਰ ਬੀਤ ਗਿਆ, ਪਰ ਰਾਜੇ ਨੇ ਉਨ੍ਹਾਂ ਨੂੰ ਇਸ ਬਾਰੇ ਭੋਰਾ ਜਿੰਨਾ ਵੀ ਨਾ ਜਣਾਇਆ। ਵਰ੍ਹਿਆਂ ਬਾਦ, ਇਕ ਦਿਨ ਰਾਜਾ ਸਖਤ ਬਿਮਾਰ ਹੋ ਗਿਆ। ਵੈਦਾਂ ਹਕੀਮਾਂ ਨੇ ਜਵਾਬ ਦੇ ਦਿਤਾ। ਰਾਜੇ ਨੇ ਸਭ ਨੂੰ ਸਦਵਾ ਕੇ ਇਹ ਆਦੇਸ਼ ਦਿੱਤਾ ਕਿ ਉਸ ਤੋਂ ਮਗਰੋਂ ਰਾਜ-ਪਾਟ ਦੀ ਮਾਲਕ ਉਸ ਦੀ ਰਾਣੀ ਹੋਵੇਗੀ। ਇਹ ਸੁਣਦਿਆਂ ਹੀ ਰਾਣੀ ਢਾਹਾਂ ਮਾਰ ਕੇ ਰੋ ਪਈ। ਰਾਜੇ ਨੇ ਢਾਰਸ ਦੇਂਦਿਆਂ ਆਖਿਆ, "ਰਾਣੀ, ਤੂੰ ਕਿਉਂ ਰੋਂਦੀ ਹੈਂ? ਤੇਰੇ ਪਾਸ ਸਾਰਾ ਰਾਜ-ਅਧਿਕਾਰ ਹੋਵੇਗਾ, ਹੁਕਮ ਹਾਸਲ ਹੋਵੇਗਾ, ਨੌਕਰ-ਚਾਕਰ ਹੋਣਗੇ, ਤੇਰੀ ਔਲਾਦ ਚੰਗੀ ਹੈ, ਤੈਨੂੰ ਕੋਈ ਘਾਟਾ ਨਹੀਂ ਹੋਵੇਗਾ, ਤੂੰ ਕਿਉਂ ਵੈਰਾਗ ਪਈ ਕਰਨੀ ਏਂ?" ਰਾਣੀ ਹੋਰ ਵੀ ਭੁੱਬਾਂ ਮਾਰ ਕੇ ਰੋ ਪਈ ਤੇ ਬੋਲੀ, "ਰਾਜਨ, ਮੇਰੇ ਪਾਸ ਹੋਰ ਤਾਂ ਸਭ ਕੁਝ ਹੋਵੇਗਾ। ਪਰ ਇਸ ਅਭਾਗਣ ਦੇ ਕਰਮਾਂ ਉਪਰ

ਚਾਦਰ ਪਾਉਣ ਵਾਲਾ ਕੋਈ ਨਹੀਂ ਹੋਵੇਗਾ।"

ਇਸ ਚੈਪਟਰ ਦੇ ਅੰਤ ਵਿੱਚ ਡਾਕਟਰ ਨੇਕੀ ਨੇ ਬੜਾ ਭਾਵਪੂਰਤ ਪੈਰਾ ਲਿਖਿਆ ਹੈ- ਅਸੀਂ ਅਕਾਲ ਪੁਰਖ ਦੀ ਅਣਡਿੱਠ ਕਰਣੀ ਦੀ ਛਤਰ-ਛਾਇਆ ਹੇਠ ਜੀਉਂਦੇ ਹਾਂ।ਅਸੀਂ ਖਿਨ ਖਿਨ ਭੁਲਦੇ ਹਾਂ, ਉਹ ਅਗਾਉਂ ਆਪਣੀ ਬਖਸ਼ਿੰਦਗੀ ਵਰਤਾਈ ਰਖਦਾ ਹੈ। ਅਸੀਂ ਉਸ ਤੋਂ ਟੁੱਟ-ਟੁੱਟ ਜਾਂਦੇ ਹਾਂ, ਉਹ ਹਰ ਵਾਰ ਟੁੱਟੀ ਗੰਢ ਲੈਂਦਾ ਹੈ।(ਟੂਟੀ ਗਾਢਨਹਾਰ ਗੋੁਪਾਲ)। ਸਿੱਖਾਂ ਲਈ ਵੀ ਇਸੇ ਦੈਵੀ ਗੁਣ ਦਾ ਅਭਿਆਸ ਬਣ ਆਉਂਦਾ ਹੈ। ਜਿਨ੍ਹਾਂ ਉੱਚੀਆਂ ਆਤਮਾਵਾਂ ਨੇ ਇਸ ਪੱਧਰ ਤੇ ਜੀਵਿਆ ਤੇ ਵੇਖ ਕੇ ਅਣਡਿੱਠ ਕੀਤਾ, ਉਹਨਾਂ ਪਿਆਰ ਨਾਲ ਭਿੱਜੀਆਂ, ਵਿਸ਼ਵਾਸ ਨਾਲ ਛਲਕਦੀਆਂ ਆਤਮਾਵਾਂ ਦੀ ਪਿਆਰ-ਤੱਪਸਿਆ ਨੂੰ ਅਰਦਾਸ ਵਿਚ ਅਭਿਨੰਦਨ ਦਿੱਤਾ ਜਾਂਦਾ ਹੈ।

-- ਭੁੱਲ ਚੁੱਕ ਖਿਮਾ ਜੀ --



---

# ਗੁਰਮਤਿ ਸੰਗੀਤ ਵਿਚ ਰਾਗ ਭੈਰਉ ਅਤੇ ਸਾਰੰਗ

*** ਗੁਰਨਾਮ ਸਿੰਘ (ਡਾ.)**

ਰਾਗ ਭੈਰਉ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਦੀ ਲੜੀ ਵਿਚ ਚੌਵੀਵੇਂ ਸਥਾਨ 'ਤੇ ਅੰਕਿਤ ਹੈ ਜਦੋਂ ਕਿ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਭੈਰਵ ਨੂੰ ਪਹਿਲਾ ਸਥਾਨ ਮਿਲਿਆ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਨੂੰ ਭੈਰਵ ਰਾਗ ਅਧੀਨ ਜਾਣਿਆ ਜਾਂਦਾ ਹੈ ਜੋ ਕਿ ਪ੍ਰਸਿੱਧ, ਪ੍ਰਾਚੀਨ ਤੇ ਮਧੁਰ ਰਾਗ ਹੈ। ਇਸ ਨੂੰ ਭਗਤੀ ਭਾਵ ਪ੍ਰਗਟਾਉਣ ਵਾਲਾ ਮੁੱਖ ਰਾਗ ਮੰਨਿਆ ਜਾਂਦਾ ਹੈ। ਇਸ ਲਈ ਇਸ ਦਾ ਗਾਇਨ ਸਮਾਂ ਅੰਮ੍ਰਿਤ ਵੇਲਾ ਹੈ।ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ 'ਸੰਗੀਤ ਰਤਨਾਕਰ' ਤੇ 'ਸੰਗੀਤ ਦਰਪਣ' ਵਿਚ ਇਸ ਰਾਗ ਦਾ ਉਲੇਖ ਹੁੰਦਾ ਹੈ।'ਸੰਗੀਤ ਰਤਨਾਕਰ' ਵਿਚ ਇਸ ਰਾਗ ਨੂੰ ਰਾਗਾਂਗ ਰਾਗ ਕਿਹਾ ਗਿਆ ਹੈ।'ਸੰਗੀਤ ਦਰਪਣ' ਵਿਚ ਇਸ ਰਾਗ ਨੂੰ ਪੁਰਸ਼ ਰਾਗ ਸਵੀਕਾਰਿਆ ਗਿਆ ਹੈ। ਭਾਰਤੀ ਸੰਗੀਤ ਵਿਚ ਭੈਰਵ ਰਾਗ ਨੂੰ ਆਸ਼ਰਯ ਰਾਗ ਵੀ ਕਿਹਾ ਜਾਂਦਾ ਹੈ ਅਤੇ ਇਸ ਨੂੰ ਰਾਗਾਂਗ ਪੱਧਤੀ ਅਨੁਸਾਰ ਰਾਗਾਂਗ ਰਾਗ ਸ਼੍ਰੇਣੀ ਵਿਚ ਵੀ ਰਖਿਆ ਜਾਂਦਾ ਹੈ।

ਭਾਰਤੀ ਸੰਗੀਤ ਵਿਚ ਭੈਰਵ ਦੇ ਕਈ ਪ੍ਰਕਾਰ ਪ੍ਰਚਲਿਤ ਹਨ ਜਿਵੇਂ ਅਹੀਰ ਭੈਰਵ, ਬੰਗਾਲ ਭੈਰਵ, ਨਟ ਭੈਰਵ, ਸ਼ਿਵਮਤ ਭੈਰਵ ਆਦਿ। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੈਰਵ ਦੇ ਪ੍ਰਕਾਰਾਂ ਨੂੰ ਕੋਈ ਸਥਾਨ ਨਹੀਂ ਦਿਤਾ ਗਿਆ। ਭੈਰਵ ਰਾਗ ਨੂੰ ਭੈਰਵ ਥਾਟ ਦੇ ਅੰਤਰਗਤ ਰਖਦਿਆਂ ਇਸ ਰਾਗ ਦਾ ਵਾਦੀ ਸੁਰ ਧੈਵਤ, ਸੰਵਾਦੀ ਸੁਰ ਰਿਸ਼ਭ ਸਵਿਕਾਰਿਆ ਹੈ। ਇਸ ਰਾਗ ਦੇ ਆਰੋਹ ਤੇ ਅਵਰੋਹ ਵਿਚ ਸੱਤ ਸੁਰਾਂ ਦਾ ਪ੍ਰਯੋਗ ਹੋਣ ਕਰਕੇ ਇਸ ਦੀ ਜਾਤੀ ਸੰਪੂਰਨ-ਸੰਪੂਰਨ ਮੰਨੀ ਗਈ ਹੈ। ਇਸ ਵਿਚ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਦਾ ਪ੍ਰਯੋਗ ਕੀਤਾ ਜਾਂਦਾ ਹੈ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਕੁਝ ਵਿਦਵਾਨ ਸੰਗੀਤਕਾਰ ਇਸ ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਪੰਚਮ ਨੂੰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨਦੇ ਹਨ। ਇਸ ਦਾ ਗਾਇਨ ਸਮਾਂ ਸਵੇਰ ਸੰਧੀਪ੍ਰਕਾਸ਼ ਹੈ। ਇਸ ਰਾਗ ਵਿਚ ਰਿਸ਼ਭ ਸੁਰ ਨੂੰ ਗੰਧਾਰ ਦੇ ਸਪਰਸ਼ ਨਾਲ ਅਤੇ ਧੈਵਤ ਨੂੰ ਨਿਸ਼ਾਦ ਦੇ ਸਪਰਸ਼ ਨਾਲ ਅੰਦੋਲਿਤ ਕਰਕੇ ਗਾਇਨ ਕੀਤਾ ਜਾਂਦਾ ਹੈ। ਭੈਰਵ ਰਾਗ ਉਤਰਾਂਗ ਪ੍ਰਧਾਨ ਰਾਗ ਹੈ। ਇਸ ਦੀ ਪ੍ਰਕ੍ਰਿਤੀ

ਗੰਭੀਰ ਹੈ ਅਤੇ ਅਲਾਪਚਾਰੀ ਲਈ ਇਹ ਵਧੀਆ ਰਾਗ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ (ਕੋਮਲ), ਗੰਧਾਰ ਮਧਿਅਮ ਪੰਚਮ, ਧੈਵਤ (ਕੋਮਲ), ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ (ਕੋਮਲ) ਧੈਵਤ (ਕੋਮਲ) ਪੰਚਮ, ਗੰਧਾਰ ਮਧਿਅਮ ਰਿਸ਼ਭ (ਕੋਮਲ) ਰਿਸ਼ਭ (ਕੋਮਲ) ਸ਼ੜਜ ਹੈ।

ਰਾਗ ਭੈਰਉ ਦੇ ਅੰਤਰਗਤ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਰਚਿਤ ਹੈ। ਗੁਰੂ ਸਾਹਿਬਾਨ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਅੱਠ ਪਦੇ, ਇੱਕ ਅਸ਼ਟਪਦੀ; ਗੁਰੂ ਅਮਰਦਾਸ ਜੀ ਦੇ ਇੱਕੀ ਪਦੇ, ਦੋ ਅਸ਼ਟਪਦੀਆਂ; ਗੁਰੂ ਰਾਮਦਾਸ ਜੀ ਦੇ ਸੱਤ ਪਦੇ; ਗੁਰੂ ਅਰਜਨ ਦੇਵ ਜੀ ਦੇ ਸਤਵੰਜਾ ਪਦੇ, ਤਿੰਨ ਅਸ਼ਟਪਦੀਆਂ ਅੰਕਿਤ ਹਨ। ਭਗਤਾਂ ਵਿਚੋਂ ਭਗਤ ਕਬੀਰ ਜੀ ਦੇ ਵੀਹ ਪਦੇ, ਭਗਤ ਨਾਮਦੇਵ ਜੀ ਦੇ ਤੇਰਾਂ ਪਦੇ ਅਤੇ ਭਗਤ ਰਵਿਦਾਸ ਜੀ ਦਾ ਇੱਕ ਪਦਾ ਸ਼ਬਦ ਬਾਣੀ ਰੂਪ ਇਸ ਰਾਗ ਵਿਚ ਅੰਕਿਤ ਹੈ।

ਰਾਗ ਸਾਰੰਗ ਇੱਕ ਪੁਰਾਤਨ, ਮਧੁਰ ਅਤੇ ਲੋਕਪ੍ਰਿਯ ਰਾਗ ਹੈ। ਇਸ ਰਾਗ ਦਾ ਸੁਰਾਤਮਕ ਸਰੂਪ ਲੋਕ ਸੰਗੀਤ ਤੋਂ ਵਿਕਸਿਤ ਹੋਇਆ ਹੈ। ਇਹ ਰਾਗ ਪੰਜਾਬ, ਰਾਜਸਥਾਨ ਹੀ ਨਹੀਂ ਸਗੋਂ ਸਮੁੱਚੇ ਉਤਰੀ ਭਾਰਤ ਦੇ ਲੋਕ ਗਾਇਕਾਂ ਅਤੇ ਕਲਾਕਾਰਾਂ ਦਾ ਚਹੇਤਾ ਰਾਗ ਹੈ। ਇਸ ਰਾਗ ਦੀ ਖੂਬੀ ਇਹ ਵੀ ਹੈ ਕਿ ਇਸ ਰਾਗ ਦਾ ਪ੍ਰਚਲਨ ਸ਼ਾਸਤਰੀ ਸੰਗੀਤ, ਲੋਕ ਸੰਗੀਤ, ਭਾਰਤੀ ਸੰਗੀਤ, ਫਿਲਮ ਸੰਗੀਤ ਧਾਰਾ ਆਦਿ ਵਿਚ ਆਮ ਹੈ। ਰਾਗ ਸਾਰੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਦੀ ਲੜੀ ਵਿਚ ਛੱਬੀਵੇਂ ਸਥਾਨ ’ਤੇ ਅੰਕਿਤ ਹੈ। ਗੁਰਮਤਿ ਸੰਗੀਤ ਵਿਚ ਗੁਰੂ ਸਾਹਿਬਾਨਾਂ ਨੇ ਇਸ ਰਾਗ ਨੂੰ ਸ਼ਾਸਤਰੀ ਰੂਪ ਵਿਚ ਪ੍ਰਵਾਨਿਆ ਅਤੇ ਆਪਣੇ ਰੱਬੀ ਸੁਨੇਹੇ ਲਈ ਇਸ ਦਾ ਪ੍ਰਯੋਗ ਕੀਤਾ।

‘ਸਾਰੰਗ ਦੀ ਚਉਕੀ’ ਵਜੋਂ ਪ੍ਰਚਲਿਤ ਦੁਪਹਿਰ ਸਮੇਂ ਹੋਣ ਵਾਲੇ ਸਮੂਹ ਕੀਰਤਨ ਵਿਚ ਇਸ ਰਾਗ ਦੀ ਪ੍ਰਧਾਨਤਾ ਰਹਿੰਦੀ ਹੈ। ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਅਨੰਦ ਦੀ ਚਉਕੀ ਨੂੰ ਦੁਪਹਿਰ ਦੇ ਰਾਗਾਂ ਵਿਚ ਗਾਇਨ ਦੀ ਪ੍ਰਥਾ ਹੈ। ਇਸ ਚਉਕੀ ਨੂੰ ਬਿਲਾਵਲ ਦੀ ਅੰਤਿਮ ਚਉਕੀ ਵੀ ਸਵੀਕਾਰਿਆ ਗਿਆ ਹੈ। ਇਸ ਚਉਕੀ ਵਿਚ ਦੁਪਹਿਰ ਦੇ ਰਾਗਾਂ ਤੋਂ ਇਲਾਵਾ ਸਾਰੰਗ ਰਾਗ ਦੀ ਪ੍ਰਧਾਨਤਾ ਰਹਿੰਦਾ ਹੈ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਦਿਨ ਦੇ ਤੀਜੇ ਪਹਿਰ ‘ਚਰਨ ਕਮਲ ਦੀ ਚਉਕੀ’ ਦਾ ਪ੍ਰਾਰੰਭ ਹੁੰਦਾ ਹੈ ਅਤੇ ਚਰਨ ਕਮਲ ਦੀਆਂ ਤਿੰਨ ਕੀਰਤਨ ਚਉਕੀਆਂ ਦਿਨ ਦੇ ਤੀਸਰੇ ਪਹਿਰ ਦੇ ਰਾਗਾਂ ਵਿਚ ਸ਼ਬਦ ਕੀਰਤਨ ਦੇ ਗਾਇਨ ਦੁਆਰਾ ਲਗਾਈਆਂ ਜਾਂਦੀਆਂ ਹਨ ਇਨ੍ਹਾਂ ਵਿਚ ਵੀ ਰਾਗ ਸਾਰੰਗ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਉੱਤਰੀ ਭਾਰਤ ਵਿਚ ਇਸ ਰਾਗ ਦਾ ਵਿਸ਼ੇਸ਼ ਪ੍ਰਚਾਰ ਹੈ। ਇਹ ਰਾਗ ਦਾ ਸੁਰਾਤਮਕ ਸਰੂਪ ਲੋਕ ਸੰਗੀਤ ਤੋਂ ਵਿਕਸਿਤ ਹੋਇਆ ਹੈ। ਸੰਗੀਤ ਵਿਦਵਾਨਾਂ ਨੇ ਇਸ ਰਾਗ ਨੂੰ ਰਾਗਾਂਗ ਰਾਗ ਮੰਨਿਆ ਹੈ। ਇਸ ਨੂੰ ਬ੍ਰਿੰਦਾਬਨੀ ਸਾਰੰਗ ਵੀ ਕਿਹਾ ਜਾਂਦਾ ਹੈ। ਇਸ ਰਾਗ ਦੇ ਅੰਗ ਦੁਆਰਾ ਬਹੁਤ ਸਾਰੇ ਪ੍ਰਕਾਰ ਹੋਂਦ ਵਿਚ ਆਏ ਜਿਵੇਂ ‘ਸ਼ੁੱਧ ਸਾਰੰਗ’, ‘ਨੂਰ ਸਾਰੰਗ’, ‘ਸਾਮੰਤ ਸਾਰੰਗ’, ‘ਲੰਕਦਹਨ ਸਾਰੰਗ’, ‘ਜਲਧਰ ਸਾਰੰਗ’ ਆਦਿ। ਸੰਗੀਤ ਗ੍ਰੰਥਕਾਰਾਂ ਨੇ ਇਸ ਰਾਗ ਦਾ ਪ੍ਰਮੁੱਖ ਅੰਗ ਨਿਸ਼ਾਦ (ਕੋਮਲ), ਪੰਚਮ ਮਧਿਅਮ ਰਿਸ਼ਭ ਮੰਨਿਆ ਹੈ। ਰਾਗ ਸਾਰੰਗ ਦੇ ਚਾਰ ਰੂਪ ਵਧੇਰੇ ਪ੍ਰਚਲਿਤ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਰਾਗ ਸਾਰੰਗ ਕਾਫੀ ਠਾਠ [ਥਾਟ] ਦਾ ਔੜਵ-ਸ਼ਾੜਵ ਰਾਗ ਹੈ। ਇਸ ਵਿਚ ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਸਾਰੰਗ ਦੇ ਗਾਉਣ ਦਾ ਵੇਲਾ ਦੁਪਹਿਰ ਹੈ। ਇਸ ਵਿਚ ਵਾਦੀ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਆਰੋਹ ਵਿਚ ਧੈਵਤ ਵਰਜਿਤ ਹੈ। ਅਵਰੋਹ ਵਿਚ ਧੈਵਤ ਦੁਰਬਲ ਹੋ ਕੇ ਲਗਦਾ ਹੈ।

ਸਾਰੰਗ ਦੇ ਇੱਕ ਹੋਰ ਰੂਪ ਅਧੀਨ ਇਸ ਦਾ ਥਾਟ ਖਮਾਜ, ਜਾਤੀ ਔੜਵ-ਸ਼ਾੜਵ, ਸੁਰ ਦੋਵੇਂ ਮਧਿਅਮ, ਦੋਵੇਂ ਨਿਸ਼ਾਦ, ਵਰਜਿਤ ਸੁਰ - ਆਰੋਹ ਵਿਚ ਗੰਧਾਰ ਤੇ ਧੈਵਤ, ਅਵਰੋਹ ਵਿਚ ਗੰਧਾਰ, ਸਮਾਂ ਦਿਨ ਦਾ ਦੂਜਾ ਪਹਿਰ। ਸਾਰੰਗ ਦੇ ਤੀਸਰੇ ਰੂਪ ਥਾਟ ਕਾਫ਼ੀ, ਜਾਤੀ : ਔੜਵ-ਸ਼ਾੜਵ, ਵਾਦੀ ਰਿਸ਼ਭ, ਸੰਵਾਦੀ ਪੰਚਮ, ਸੁਰ ਦੋਵੇਂ ਮਧਿਅਮ, ਦੋਵੇਂ ਨਿਸ਼ਾਦ, ਸਮਾਂ ਦਿਨ ਦਾ ਦੂਜਾ ਪਹਿਰ, ਵਰਜਿਤ ਸੁਰ ਗੰਧਾਰ।

ਸੰਗੀਤ ਆਚਾਰੀਆ ਤੇ ਵਿਹਾਰਕ ਸੰਗੀਤ ਪਰੰਪਰਾ ਨਾਲ ਜੁੜੇ ਸੰਗੀਤਕਾਰਾਂ ਨੇ ਅਤੇ ਗੁਰਮਤਿ ਸੰਗੀਤ ਆਚਾਰੀਆ ਨੇ ਸਾਰੰਗ ਰਾਗ ਦੇ ਨਿਮਨਲਿਖਤ ਸਰੂਪ ਨੂੰ ਪ੍ਰਵਾਨਿਆ ਹੈ। ਪ੍ਰੋ. ਤਾਰਾ ਸਿੰਘ, ਆਦਿ ਗ੍ਰੰਥ ਰਾਗ ਕੋਸ਼ ਤੇ ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਸਰੂਪ ਨੂੰ ਪ੍ਰਮਾਣਿਕਤਾ ਦਿੱਤੀ ਹੈ। ਰਾਗ ਸਾਰੰਗ, ਕਾਫ਼ੀ ਥਾਟ ਤੋਂ ਉਤਪੰਨ ਰਾਗਾਂਗ ਰਾਗ ਹੈ। ਇਸ ਵਿਚ ਸੁਰ ਦੋਵੇਂ ਨਿਸ਼ਾਦ ਤੇ ਬਾਕੀ ਸਭ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਵਿਚ ਗੰਧਾਰ ਤੇ ਧੈਵਤ ਸੁਰ ਵਰਜਿਤ ਹਨ। ਇਸ ਰਾਗ ਦੀ ਜਾਤੀ ਔੜਵ-ਔੜਵ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ ਮਧਿਅਮ ਪੰਚਮ ਨਿਸ਼ਾਦ ਸ਼ੜਜ (ਤਾਰ

ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਪੰਚਮ, ਮਧਿਅਮ ਰਿਸ਼ਭ, ਨਿਸ਼ਾਦ (ਮੰਦਰ ਸਪਤਕ) ਸ਼ੜਜ ਹੈ।

ਰਾਗ ਸਾਰੰਗ ਦੇ ਅਧੀਨ ਗੁਰੂ ਨਾਨਕ ਦੇਵ ਜੀ ਦੇ ਤਿੰਨ ਪਦੇ, ਦੋ ਅਸ਼ਟਪਦੀਆਂ, ਗੁਰੂ ਅਮਰਦਾਸ ਜੀ ਦੀਆਂ ਤਿੰਨ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਸੱਤ ਪਦੇ ਛੇ ਪੜਤਾਲਾਂ ਤੇ ਇੱਕ ਵਾਰ, ਗੁਰੂ ਅਰਜਨ ਦੇਵ ਜੀ ਦੇ ਇੱਕ ਸੋ ਛੇ ਪਦੇ, ਦਸ ਪੜਤਾਲਾਂ ਤੇ ਤਿੰਨ ਅਸ਼ਟਪਦੀਆਂ ਦਰਜ ਹਨ। ਭਗਤਾਂ ਵਿਚੋਂ ਭਗਤ ਕਬੀਰ ਤੇ ਭਗਤ ਨਾਮਦੇਵ ਜੀ ਦੇ ਤਿੰਨ ਅਤੇ ਭਗਤ ਪਰਮਾਨੰਦ ਤੇ ਭਗਤ ਸੂਰਦਾਸ ਜੀ ਦਾ ਇੱਕ ਪਦਾ ਬਾਣੀ ਰੂਪ ਇਸ ਰਾਗ ਦੇ ਅੰਤਰਗਤ ਅੰਕਿਤ ਹੈ। 'ਸਾਰੰਗ ਕੀ ਵਾਰ ਮਹਲਾ ੪' ਦੇ ਸਿਰਲੇਖ ਅਧੀਨ ਸ੍ਰੀ ਗੁਰੂ ਰਾਮਦਾਸ ਦੁਆਰਾ ਰਚਿਤ ਵਾਰ ਅਤੇ ਮਹਲਾ ੫ ਅਧੀਨ ਰਚਿਤ ਛੰਤ ਇਸ ਰਾਗ ਦੇ ਅੰਤਰਗਤ ਦਰਜ ਹਨ। ਇਸੇ ਰਾਗ ਅਧੀਨ ਗੁਰਮਤਿ ਸੰਗੀਤ ਦੀ ਵਿਸ਼ੇਸ਼ ਗਾਇਨ ਸ਼ੈਲੀ 'ਪੜਤਾਲ' ਵਿਚ ਸੋਲ੍ਹਾਂ ਸ਼ਬਦ ਬਾਣੀ ਰੂਪ ਦਰਜ ਹਨ।

ਬਾਣੀ ਦੇ ਸਫਲ ਸੰਚਾਰ ਲਈ ਗੁਰੂ ਸਾਹਿਬਾਨ ਨੇ ਬਾਣੀ ਅਤੇ ਰਾਗ ਨੂੰ ਇਨ੍ਹਾਂ ਦੀ ਮੂਲ ਪ੍ਰਕ੍ਰਿਤੀ ਅਨੁਸਾਰ ਭਾਵਾਤਮਕ ਤੌਰ 'ਤੇ ਜੋੜਿਆ ਹੈ। ਆਪ ਨੇ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤੇ ਗਏ ਸਨਾਤਨੀ ਕਾਵਿ ਰੂਪਾਂ ਲਈ ਸ਼ੁੱਧ ਰੂਪ ਵਿਚ ਮਾਰਗੀ ਜਾਂ ਸਥਾਪਿਤ ਰਾਗਾਂ ਸੰਕੀਰਨ ਦਾ ਪ੍ਰਯੋਗ ਕੀਤਾ ਹੈ। ਸੰਗੀਤ ਵਿਚ ਸਦੀਆਂ ਤੋਂ ਪਰੰਪਰਾਗਤ ਸੰਗੀਤ ਮਾਰਗ ਵਿਚ ਵਿਕਸਤ ਹੋ ਚੁਕੇ ਪ੍ਰਚਲਿਤ ਤੇ ਸਥਾਪਿਤ ਰਾਗਾਂ ਨੂੰ ਸਨਾਤਨੀ ਰਾਗ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਵਿਚ ਅਜਿਹੇ ਰਾਗ ਉਹ ਹਨ ਜਿਨ੍ਹਾਂ ਦਾ ਜਿਕਰ ਪੁਰਾਤਨ ਸੰਗੀਤ ਸ਼ਾਸਤਰ ਵਿਚ ਵੀ ਹੈ ਜੋ ਇਲਾਕਾਈ ਤੇ ਲੋਕ ਸੰਗੀਤ ਤੋਂ ਵਿਕਸਤ ਰਾਗਾਂ ਤੋਂ ਭਿੰਨ ਹਨ ਅਤੇ ਜੋ ਰਾਗ ਮਿਸ਼ਰਤ ਰਾਗ ਪ੍ਰਕਾਰ ਵਜੋਂ ਵੀ ਦਰਜ ਨਹੀਂ। ਅਜਿਹੇ ਰਾਗਾਂ ਵਿਚੋਂ ਸਾਰੰਗ ਇੱਕ ਮਹੱਤਵਪੂਰਨ ਰਾਗ ਹੈ। ਸਾਰੰਗ ਦੀ ਪ੍ਰਕ੍ਰਿਤੀ ਤਪਸ਼ ਵਾਲੀ ਸਵੀਕਾਰੀ ਗਈ ਹੈ। ਗੁਰਮਤਿ ਸੰਗੀਤ ਦੇ ਕੀਰਤਨੀਆਂ ਵਿਚ ਬਸੰਤ ਰਾਗ ਦੇ ਗਾਇਨ ਦੇ ਦਿਨਾਂ ਵਿਚ ਭਾਵ ਮਾਘ ਦੀ ਸੰਗਰਾਂਦ ਤੋਂ ਲੈ ਕੇ ਹੋਲੇ ਮਹੱਲੇ ਤੱਕ ਜਦੋਂ ਕਿਤੇ ਬਸੰਤ ਦਾ ਗਾਇਨ ਹੋਵੇ ਤਾਂ ਸਾਰੰਗ ਰਾਗ ਦਾ ਗਾਇਨ ਨਹੀਂ ਕੀਤਾ ਜਾਂਦਾ, ਅਜਿਹਾ ਪ੍ਰਚਲਨ ਹੈ।

ਉਕਤ ਰਾਗਾਂ ਦੇ ਅਧੀਨ 20ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ *ਗੰਧਰਵ,* ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਰਾਗਾਂ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ **www.gurmatsangeetpup.com, www.sikh-relics.com, www.vismaadnaad.org** ਵੈਬਸਾਈਟਸ ਤੇ ਸੁਣ ਸਕਦੇ ਹਾਂ।

* ਫ਼ਾਊਂਡਰ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

---

# ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ

ਡਾ. ਜਾਗੀਰ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਜਿਸ ਆਦਰਸ਼ ਮਨੁੱਖ ਦਾ ਸੰਕਲਪ ਪੇਸ਼ ਕੀਤਾ ਗਿਆ ਉਸ ਦੀ ਸ਼ਖ਼ਸੀਅਤ ਉਚੇਰੇ ਗੁਣਾਂ ਨਾਲ ਭਰਪੂਰ ਹੋਣੀ ਚਾਹੀਦੀ ਹੈ।ਉਸ ਵਿੱਚ ਨੈਤਿਕ ਗੁਣ ਤਾਂ ਹੋਣਗੇ ਹੀ ਪਰ ਉਸ ਨੂੰ ਕੋਮਲ ਕਲਾਵਾਂ ਦਾ ਅਨੰਦ ਮਾਣਨ ਦੀ ਰੁਚੀ ਵੀ ਹੋਵੇ। ਜਿਹੜੇ ਮਨੁੱਖ ਰਾਗ ਅਤੇ ਕਾਵਿ ਕਲਾ ਤੋਂ ਵਿਹੂਣੇ ਹਨ ਉਨ੍ਹਾਂ ਬਾਰੇ ਗੁਰੂ ਨਾਨਕ ਦੇਵ ਜੀ ਸਾਰੰਗ ਦੀ ਵਾਰ ਵਿੱਚ ਉਚਾਰਦੇ ਹਨ–

ਇਕਨਾ ਨਾਦੁ ਨ ਬੇਦੁ ਨ ਗੀਅ ਰਸੁ
ਰਸੁ ਕਸੁ ਨ ਜਾਣੰਤਿ
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ
ਅਖਰ ਕਾ ਭੇਉ ਨ ਲਹੰਤਿ
ਨਾਨਕ ਤੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤ (ਸਲੋਕ ਮਹਲਾ ਪਹਿਲਾ, ਪੰਨਾ 1246)

ਇਸੇ ਤਰ੍ਹਾਂ ਗੁਰਬਾਣੀ ਵਿੱਚ ਅਧਿਆਤਮਕ ਤੌਰ ਤੇ ਆਦਰਸ਼ਕ ਮਨੁੱਖ ਨੂੰ ਸਚਿਆਰ ਆਖਿਆ ਗਿਆ ਹੈ। ਜਪੁ ਜੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁੱਖ ਬਾਣੀ ਹੈ। ਇਸ ਵਿੱਚ ਗੁਰਬਾਣੀ ਦੇ ਲਗਭਗ ਸਾਰੇ ਸੰਕਲਪਾਂ ਦੀ ਝਲਕ ਮਿਲ ਜਾਂਦੀ ਹੈ। ਇਸ ਬਾਣੀ ਵਿੱਚ ਮਨੁੱਖੀ ਜੀਵਨ ਦਾ ਮਨੋਰਥ ਸਚਿਆਰਾ ਬਣਨਾ ਦੱਸਿਆ ਹੈ। ਸਚਿਆਰਾ ਬਣਨ ਲਈ ਹੁਕਮ ਅਨੁਸਾਰ ਚੱਲਣ ਦੀ ਸ਼ਰਤ ਲਗਾਈ ਹੈ। ਹੁਕਮ ਅਨੁਸਾਰ ਚੱਲਣ ਲਈ ਹੁਕਮ ਬਾਰੇ ਜਾਣਨਾ ਜ਼ਰੂਰੀ ਹੈ ਅਤੇ ਹੁਕਮ ਨੂੰ ਜਾਣਨ ਲਈ ਹੁਕਮ ਦੇ ਮਾਲਕ ਪਰਮੇਸ਼ਰ ਦਾ ਜੱਸ ਗਾਇਣ ਕੀਤਾ ਜਾਂਦਾ ਹੈ। ਇਸ ਬਾਰੇ ਜਪੁਜੀ ਵਿੱਚ ਸਪਸ਼ਟ ਕੀਤਾ ਗਿਆ ਹੈ-

ਕਿਵ ਸਚਿਆਰਾ ਹੋਈਐ ਕਿਵਿ ਕੂੜੈ ਤੁਟੇ ਪਾਲ
ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ

ਅਤੇ ਫਿਰ ਕਿਹਾ ਹੈ:

ਨਾਨਕ ਹੁਕਮੇ ਜੇ ਬੁਝੈ ਤ ਹਉਮੈ ਕਹੈ ਨ ਕੋਇ (ਜਪੁ ਜੀ, ਪੰਨਾ 1)

ਹੁਕਮ ਨੂੰ ਬੁਝਣ ਲਈ ਪਰਮੇਸ਼ਰ ਦੇ ਗੁਣ ਗਾਇਣ ਕਰਨ ਨੂੰ ਸਾਧਨ ਦੱਸਿਆ ਹੈ :

ਗਾਵੈ ਕੋ ਤਾਣ ਹੋਵੈ ਕਿਸੈ ਤਾਣ
ਗਾਵੈ ਕੋ ਦਾਤਿ ਜਾਣੈ ਨੀਸਾਣ
ਜਿਨ ਸੇਵਿਆ ਤਿਨਿ ਪਾਇਆ ਮਾਨ
ਨਾਨਕ ਗਾਵੀਐ ਗੁਣੀ ਨਿਧਾਨ
(ਜਪੁ ਜੀ, ਪੰਨਾ 12)

ਸੋਦਰ ਵਾਲੀ ਪਉੜੀ ਵਿੱਚ ਬ੍ਰਹਿਮੰਡੀ ਕੀਰਤਨ ਅਰਥਾਤ ਕੁਦਰਤ ਦੇ ਸੰਗੀਤ ਦੀ ਤਸਵੀਰ ਖਿੱਚੀ ਹੋਈ ਹੈ । ਪ੍ਰਮਾਤਮਾ ਦੇ ਦਰਬਾਰ ਵਿੱਚ ਗਾਇਣ ਕਰਨ ਵਾਲਿਆਂ ਦਾ ਵਰਣਨ ਅਦੁੱਤੀ ਹੈ। ਇੱਥੇ ਚਿੱਤਰ-ਗੁਪਤ, ਧਰਮਰਾਜ, ਈਸ਼ਵਰ, ਬ੍ਰਹਮਾ, ਦੇਵੀ, ਦੇਵਤੇ, ਸਿੱਧ, ਜਤੀ, ਸਤੀ, ਜੋਧੇ ਆਦਿ ਹੀ ਨਹੀਂ ਗਾ ਰਹੇ ਸਗੋਂ ਪੌਣ, ਪਾਣੀ, ਅੱਗ, ਤਾਰਿਕਾ ਮੰਡਲ ਅਤੇ ਸਮੁੱਚਾ ਬ੍ਰਹਿਮੰਡ, ਸਮੁੱਚੀ ਸ੍ਰਿਸ਼ਟੀ ਗਾ ਰਹੀ ਹੈ-

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ

ਅੰਤ ਵਿੱਚ ਆਖਦੇ ਹਨ ਕਿ ਕਿਤਨੇ ਗਾ ਰਹੇ ਹਨ ਮੇਰੇ ਚੇਤੇ ਵਿੱਚ ਨਹੀਂ ਆਉਂਦੇ-

ਹੋਰ ਕੇਤੇ ਗਾਵਨ ਸੇ ਮੈ ਚਿਤਿ ਨ ਆਵਨ
ਨਾਨਕ ਕਿਆ ਵੀਚਾਰੇ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6)

ਗੁਰੂ ਸਾਹਿਬਾਨ ਨੇ ਕੀਰਤਨ ਦਾ ਪ੍ਰਯੋਗ ਸੁਚੇਤ ਰੂਪ ਵਿੱਚ ਕੀਤਾ ਹੈ। ਸੰਗੀਤ ਕਈ ਪੱਖਾਂ ਤੋਂ ਕਾਵਿ ਕਲਾ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਕਾਵਿ ਦੀ ਮੁੱਖ ਸਮਗਰੀ ਭਾਸ਼ਾਗਤ ਸ਼ਬਦ ਹੁੰਦਾ ਹੈ। ਸ਼ਬਦ ਦੀ ਮਜਬੂਰੀ ਹੈ ਕਿ ਇਹ ਉਸ ਸਰੋਤੇ ਤੇ ਹੀ ਅਸਰ ਕਰਦਾ ਹੈ ਜਿਹੜਾ ਉਸ ਭਾਸ਼ਾ ਤੋਂ ਜਾਣੂ ਹੋਏ ਪਰ ਸੰਗੀਤ ਵਿੱਚ ਨਾਦ ਤੋਂ ਕੰਮ ਲਿਆ ਜਾਂਦਾ ਹੈ। ਇਹ ਨਾਦ ਮਨੁੱਖਾਂ ਨੂੰ ਹੀ ਨਹੀਂ ਸਗੋਂ ਪਸ਼ੂਪੰਛੀਆਂ ਨੂੰ ਵੀ ਕੀਲ ਲੈਂਦਾ ਹੈ। ਸੰਗੀਤ ਰਤਨਾਕਰ ਵਿੱਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆ ਹੈ ਕਿ ਪਾਰਵਤੀ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀਪਤੀ ਵੀ ਬੰਸਰੀ ਦੀ ਧੁਨ ਦੇ ਵੱਸ ਹੋ ਗਏ। ਬ੍ਰਹਮਾ ਸਾਮ ਗਾਨ ਕਰਦੇ ਹਨ। ਸਰਸਵਤੀ ਵੀਣਾ ਵਿੱਚ ਮਗਨ ਹੈ। ਗੰਧਰਬ, ਦੇਵ ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਸਵਾਦਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਹੋਇਆ ਬਾਲ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖ਼ੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ

ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।

ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖ਼ੁਸ਼ੀ ਹੀ ਪ੍ਰਦਾਨ ਨਹੀਂ ਕਰਦਾ ਸਗੋਂ ਇਸ ਵਿੱਚ ਦੈਵੀ ਸ਼ਕਤੀ ਹੈ ਜਿਸ ਕਰਕੇ ਇਹ ਫਸਲਾਂ ਦਾ ਵਾਧਾ ਅਤੇ ਬਰਖਾ ਲਿਆਉਣ ਦਾ ਕਾਰਜ ਵੀ ਕਰਦਾ ਹੈ।ਉਨ੍ਹਾਂ ਅਨੁਸਾਰ ਸੰਗੀਤ ਪ੍ਰਮਾਤਮਾ ਦੀ ਦਾਤ ਸੀ।

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਨਾਦ ਵੱਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਦੇ ਨਾਦ-ਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦਾ ਹੈ ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਅਨੰਦ ਵਿੱਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ। ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ। ਸੰਗੀਤ ਅਸਲ ਵਿੱਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ।ਜਿਹੜੇ ਮਨੁੱਖ ਸੰਗੀਤ ਨਾਲ ਦ੍ਰਵਿਤ ਨਹੀਂ ਹੁੰਦੇ ਸ਼ੈਕਸਪੀਅਰ ਉਨ੍ਹਾਂ ਨੂੰ ਖ਼ਤਰਨਾਕ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਅਜੇਹੇ ਮਨੁੱਖਾਂ ਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ।

ਯਗਿਆਵਾਲਕ ਨੇ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ। ਉਸ ਅਨੁਸਾਰ, ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰੱਖਦਾ ਹੈ, ਜਿਹੜਾ ਤਾਲ ਗਿਆਤਾ ਹੈ ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿੱਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਉਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ ਹੈ। ਸੰਗੀਤ ਮਨੁੱਖਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਨ੍ਹਾਂ ਵਿੱਚ ਸਮੂਹਕ ਚੇਤਨਾ ਦਾ ਸੰਚਾਰ ਕਰਦਾ ਹੈ।

ਜਦੋਂ ਕਾਵਿ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ ਤਾਂ ਕਾਵਿ ਦਾ ਅਰਥ ਸਮਝਣ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿੱਚ ਵੱਸ ਜਾਂਦਾ ਹੈ। ਪੰਡਤ ਓਅੰਕਾਰ ਨਾਥ ਠਾਕੁਰ ਲਿਖਦੇ ਹਨ, 'ਸਾਰੇ ਜਾਣਦੇ ਹਨ ਕਿ ਸੰਗੀਤ ਵਿੱਚ ਸ਼ਬਦ ਦੇ ਅਰਥ ਦਾ ਬੋਧ ਹੋਏ ਬਿਨਾਂ ਹੀ ਭਾਵ ਜਾਂ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ।' ਕਵਿਤਾ ਉੱਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਭਜਨ ਸਿੰਘ ਲਿਖਦੇ ਹਨ, 'ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਕਾਵਿ ਰਚਨਾ ਦੇ ਪ੍ਰਭਾਵ ਨੂੰ ਤੀਖਣ ਕਰਦਾ ਹੈ।'

ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿੱਚ ਸ਼ਬਦ, ਪਰ ਸ੍ਰੇਸ਼ਟ ਕਾਵਿ ਵਿੱਚ ਗਾਇਣ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿੱਚ ਉਹ ਸ਼ਬਦ ਨਾਲ ਮਿਲ ਕੇ ਹੀ ਸਾਰਥਿਕ ਹੁੰਦੀ ਹੈ। ਪ੍ਰਾਚੀਨ ਵਿਦਵਾਨਾਂ ਨੇ ਗੀਤ, ਨ੍ਰਿਤ ਅਤੇ ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਤਿੰਨਾਂ ਦਾ ਮੂਲ ਅਧਾਰ ਗਤੀ ਹੈ। ਇਹੋ ਗਤੀ ਛੰਦ ਪੱਧਤੀ ਰਾਹੀਂ ਪ੍ਰਗਟ ਹੁੰਦੀ ਹੈ। ਸੰਗੀਤ ਕੇਵਲ ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲ੍ਹਬਾਤ ਵਿੱਚ ਵੀ ਸੰਗੀਤਕ ਤੱਤਾਂ ਦੇ ਪ੍ਰਯੋਗ ਕਰਕੇ ਉਹਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ, 'ਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਵਰੋਹੀ -ਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਿਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਪਾਉਂਦਾ ਹੈ।' ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ ਉਪਾਧਿਆਇ ਦਾ ਇਹ ਕਥਨ ਵੀ ਵਰਨਣਯੋਗ ਹੈ, 'ਸੰਗੀਤ ਅਤੇ ਸਾਹਿਤ ਵਿੱਚ ਗੂੜ੍ਹਾ ਸੰਬੰਧ ਹੈ। ਸਾਹਿਤ ਸੰਗੀਤ ਨੂੰ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਤ ਕਰਕੇ ਉਹਨੂੰ ਅਸੀਮ ਕਰ ਦਿੰਦਾ ਹੈ।' ਇਸੇ ਲਈ ਡਾ ਓਮਾ ਮਿਸ਼ਰ ਨੇ ਕਿਹਾ ਹੈ, 'ਕਵਿਤਾ ਜਦੋਂ ਤਕ ਗਾਈ ਨਹੀਂ ਜਾਂਦੀ ਉਦੋਂ ਤਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ।'

ਜਿਸ ਸੰਗੀਤ ਕਲਾ ਵਿੱਚ ਇਤਨੀ ਸ਼ਕਤੀ ਹੈ ਕੁਦਰਤੀ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਦਾ ਉਪਯੋਗ ਕਰਦੇ। ਸੋ ਉਨ੍ਹਾਂ ਨੇ ਆਪਣੀ ਕਾਵਿ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕਰਕੇ ਗਾਇਆ ਤੇ ਜੋ ਉਸ ਦਾ ਜੋ ਅਸਰ ਹੋਇਆ ਉਸ ਸਬੰਧੀ ਭਾਈ ਵੀਰ ਸਿੰਘ ਜੀ ਦਾ ਕਥਨ ਹੈ, 'ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਜ਼ੋਰ ਲਾਉਂਦਿਆਂ ਬੀ ਪੰਘਰਨੋ ਅੜ ਖਲੋਤੇ ਤਾਂ ਰੰਗ ਰੱਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆਂ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਤ ਮੋਤੀਆਂ ਨਾਲ ਡੁੱਲ੍ਹਡੁੱਲ੍ਹ ਪੈਂਦੇ ਅਰਸ਼ੀ ਸੁੰਦਰਤਾ

ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਚਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤਕ ਲਹਿਰ ਵਿੱਚ ਆ ਕੇ ਉਨ੍ਹਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ ਉਸ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਪੰਘਰੇ ਮਨ ਦ੍ਰਵ ਕੇ ਵਹਿ ਕੇ ਤੁਰੇ ਤੇ ਵਹਿ ਜਾ ਕੇ ਮਿਲੇ :

ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374)

ਕੀਰਤਨ ਦੀ ਮਹਿਮਾ ਬਾਰੇ ਗੁਰਬਾਣੀ ਵਿੱਚ ਅਨੇਕਾਂ ਕਥਨ ਦਰਸਾਉਂਦੇ ਹਨ ਕਿ ਗੁਰੂ ਸਾਹਿਬਾਨ ਕੀਰਤਨ ਅਰਥਾਤ ਪਰਮੇਸ਼ਰ ਦੇ ਗੁਣ ਗਾਇਣ ਕਰਨ ਨੂੰ ਬਹੁਤ ਪ੍ਰਭਾਵਸ਼ਾਲੀ ਸਮਝਦੇ ਸਨ।

ਕਲਿਜੁਗ ਮਹਿ ਕੀਰਤਨੁ ਪਰਧਾਨਾ
ਗੁਰਮੁਖਿ ਜਪੀਐ ਲਾਇ ਧਿਆਨਾ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

ਕੀਰਤਨੁ ਨਿਰਮੋਲਕ ਹੀਰਾ
ਆਨੰਦ ਗੁਣੀ ਗਹੀਰਾ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 893)

ਗੁਰੂ ਸਾਹਿਬ ਉਸ ਸਥਾਨ ਦੀ ਭਾਲ ਕਰਦੇ ਹਨ ਜਿੱਥੇ ਕੀਰਤਨ ਹੁੰਦਾ ਹੈ–

ਸੋ ਅਸਥਾਨ ਬਤਾਵਹੁ ਮੀਤਾ
ਜਾਕੈ ਹਰਿ ਹਰਿ ਕੀਰਤਨ ਨੀਤਾ (ਪੰਨਾ 385)

ਗੁਰਦੁਆਰੈ ਹਰਿ ਕੀਰਤਨੁ ਸੁਣੀਐ
ਸਤਿਗੁਰ ਭੇਟਿ ਹਰਿ ਜਸੁ ਮੁਖਿ ਭਣੀਐ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1018)

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ
ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨ ਹੋਇ ਉਧਾਰੁ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 214)

ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਹੁ ਉਠ ਨੀਤ
ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 519)

ਗ੍ਰਿਹਿ ਤਾ ਕੇ ਬਸੰਤੁ ਗਨੀ
ਜਾ ਕੇ ਕੀਰਤਨੁ ਹਰਿ ਧੁਨੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)

ਹਰਿ ਦਿਨੁ ਰੈਣਿ ਕੀਰਤਨੁ ਗਾਈਐ।
ਬਹੁੜਿ ਨ ਜੋਨੀ ਪਾਈਐ।
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 623)

ਹਰੀ ਕੀਰਤਨ ਨੂੰ ਹਰਿ ਜਸੁ ਆਖਦਿਆਂ ਇਸ ਨੂੰ ਰਤਨ ਜਵਾਹਰ, ਮਾਣਕ, ਹੀਰੇ, ਮੋਤੀ ਆਦਿ ਨਾਲ ਤੁਲਨਾ ਦਿੱਤੀ ਗਈ ਹੈ:

ਗੁਰ ਕੀ ਸੇਵਾ ਮੁਕਤ ਪਰਾਇਣ ਅਨਦਿਨ ਕੀਰਤਨ ਕੀਨਾ ਹੈ।
ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ(ਪੰਨਾ 1028)

ਹਰੀ ਦੇ ਗੁਣ ਗਾਇਣ ਕਰਨ ਅਰਥਾਤ ਕੀਰਤਨ ਵਿੱਚ ਮਨ ਨੂੰ ਇਕਾਗਰ ਕਰਨ ਦੀ ਸ਼ਕਤੀ ਹੈ। ਇਸ ਦਾ ਮਨ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ। ਇਸ ਤਰਾਂ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ (ਪੰਨਾ 1125)
ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ
ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨ ਤ੍ਰਿਪਤੈ ਹਰਿ ਲਿਵ ਲਾਗਾ। (ਪੰਨਾ 598)

ਗਾਇਣ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਗੁਣ ਗਾਇਣ ਕਰਨ ਲਈ ਮਨ ਨੂੰ ਇਸ ਗਾਇਣ ਕਲਾ ਦੇ ਹਵਾਲੇ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ:

ਮਨੁ ਦੇ ਲੀਆ ਰਹਸਿ ਗੁਣ ਗਾਈ
(ਗਉੜੀ ਗੁਆਰੇਰੀ ਪੰਨਾ 221)

ਗਾਇਣ ਕਰਨ ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ:

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ
(ਗਉੜੀ ਪੂਰਬੀ ਦੀਪਕੀ , ਪੰਨਾ 157)

ਹਰੀ ਦੇ ਗੁਣ ਗਾਇਣ ਕਰਨ ਨਾਲ ਹਰੀ ਮਿਲ ਪੈਂਦਾ ਹੈ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ:

ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ (ਆਸਾ, ਪੰਨਾ 422)

ਹਰੀ ਦੇ ਗੁਣ ਗਾਇਣ ਕਰਨ ਨਾਲ ਜਮ ਦੂਤ ਨੇੜੇ ਨਹੀਂ ਆਉਂਦਾ:

ਦੂਤ ਨ ਲਾਗਿ ਸਕੈ ਗੁਨ ਗਾਇ (ਆਸਾ, ਪੰਨਾ 416)
ਹਿਰਦੈ ਸਾਚੁ ਵਸੈ ਹਰਿ ਨਾਇ
ਕਾਲੁ ਨ ਜੋਹਿ ਸਕੈ ਗੁਣ ਗਾਇ (ਪੰਨਾ 227)

ਭਾਵ ਹਰੀ ਦੇ ਗੁਣ ਗਾਇਣ ਕਰਨ ਨਾਲ ਮਨੁੱਖ ਕਾਲ ਅਰਥਾਤ ਜਨਮ ਮਰਨ ਦੇ ਚੱਕਰ ਤੋਂ ਬਚ ਜਾਂਦਾ ਹੈ।

ਅਕੁਲ ਗਾਇ ਜਮ ਤੇ ਕਿਆ ਡਰੀਐ (ਪੰਨਾ 1040)

ਇਸ ਕਰਕੇ ਗੁਰਬਾਣੀ ਵਿੱਚ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਪਰਮੇਸ਼ਰ ਦੇ ਗੁਣ ਗਾਇਣ ਕਰੇ। ਹਰੀ ਦਾ ਜੱਸ ਕਰਨ ਨਾਲ ਹੀ ਅਸਲ ਲਾਭ ਪ੍ਰਾਪਤ ਹੁੰਦਾ ਹੈ ਇਸ ਨਾਲ ਹੀ ਪਰਮੇਸ਼ਰ ਖ਼ੁਸ਼ ਹੁੰਦਾ ਹੈ:

ਭਾਈ ਰੇ ਰਾਮ ਕਹੁ ਚਿਤਿ ਲਾਇ
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤਿਆਇ (ਪੰਨਾ 22)

ਗੁਰੂ ਅਮਰ ਦਾਸ ਜੀ ਨੇ ਆਪਣੀ ਪ੍ਰਸਿੱਧ ਬਾਣੀ ਅਨੰਦ ਸਾਹਿਬ ਵਿੱਚ ਗੁਰਬਾਣੀ ਗਾਉਣ ਲਈ ਆਦੇਸ਼ ਦਿੱਤੇ ਹਨ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920)
ਗੁਰਬਾਣੀ ਗਾਵਹ ਭਾਈ
ਓਹ ਸਫਲ ਸਦਾ ਸੁਖਦਾਈ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 629)
ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨਿ ਰਾਗ ਰਤਨ ਰਸਨਾ ਅਲਾਪ
(ਗੁਰੂ ਗ੍ਰੰਥ ਸਾਹਿਬ, ਪੰਨਾ 821)

ਸਿੱਖ ਦੇ ਨਿਤਨੇਮ ਵਿੱਚ ਗੁਰਬਾਣੀ ਗਾਇਣ ਨੂੰ ਸ਼ਾਮਿਲ ਕੀਤਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ------
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮ ਧਿਆਵੈ
(ਗੁਰੂ ਗ੍ਰੰਥ ਸਾਹਿਬ, ਪੰਨਾ 305)
ਸਾਧੋ ਗੋਬਿੰਦ ਕੇ ਗੁਨ ਗਾਵਉ
ਮਾਨਸ ਜਨਮੁ ਅਮੋਲਕ ਪਾਇਓ ਬਿਰਥਾ ਕਾਹਿ ਗਵਾਵਉ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 247)

ਭਾਵ ਹੇ ਸਾਧੂ ਜਨੋਂ ਹੋਰ ਜਤਨਾਂ ਵਿੱਚ ਆਪਣਾ ਬਹੁਮੁੱਲਾ ਮਨੁੱਖਾ ਜਨਮ ਬਿਰਥਾ ਨਾ ਗਵਾਓ। ਹਰੀ ਦੇ ਗੁਣ ਗਾ ਕੇ ਇਸ ਨੂੰ ਸਫਲ ਕਰੋ।

ਜਿੱਥੇ ਵੀ ਕੋਈ ਗੁਰੂ ਸਾਹਿਬ ਦਾ ਸਿੱਖ ਬਣਦਾ ਗੁਰੂ ਸਾਹਿਬ ਉਸ ਨੂੰ ਧਰਮਸਾਲਾ ਕਾਇਮ ਕਰਨ ਲਈ ਕਹਿੰਦੇ। ਇਹਨਾਂ ਧਰਮਸਾਨਾਂ ਵਿੱਚ ਕੀਰਤਨ ਪ੍ਰਮੁੱਖ ਕਰਮ ਹੁੰਦਾ ਸੀ।

ਭਾਈ ਗੁਰਦਾਸ ਜੀ ਦਾ ਕਥਨ ਹੈ:

ਘਰਿ ਘਰਿ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਿਸੋਆ

(ਵਾਰ 1, ਪਉੜੀ 27)

ਸਿੱਖ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਉਦਾਸੀਆਂ ਉਪਰੰਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰ ਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਥਾਗਤ ਪ੍ਰਚਲਣ ਲਈ ਵਾਸ ਕੀਤਾ ਤਾਂ ਕੀਰਤਨ ਕਰਨ ਦੀ ਗੁਰ ਮਰਯਾਦਾ ਨੂੰ ਵਿਸ਼ੇਸ਼ ਰੂਪ ਵਿੱਚ ਅਪਣਾਇਆ। ਭਾਈ ਗੁਰਦਾਸ ਜੀ ਅਨੁਸਾਰ:

ਫਿਰਿ ਬਾਬਾ ਆਇਆ ਕਰਤਾਰ ਪੁਰਿ<br>
ਭੇਖ ਉਦਾਸੀ ਸਗਲ ਉਤਾਰਾ<br>
ਗਿਆਨ ਗੋਸਟਿ ਚਰਚਾ ਸਦਾ<br>
ਅਨਹਦਿ ਸਬਦਿ ਪਿੱਛੇ ਧੁਨਕਾਰਾ<br>
ਸੋਦਰੁ ਆਰਤੀ ਗਾਵੀਐ<br>
ਅੰਮ੍ਰਿਤ ਵੇਲੇ ਜਪ ਉਚਾਰਾ

(ਭਾਈ ਗੁਰਦਾਸ, ਵਾਰ 1, ਪਉੜੀ 38)

ਜਿਵੇਂ ਕਿ ਪਿੱਛੇ ਦੱਸਿਆ ਜਾ ਚੁਕਾ ਹੈ ਕਿ ਗੁਰਬਾਣੀ ਨੂੰ ਰਾਗਾਂ ਵਿੱਚ ਗਾਇਣ ਕਰਨ ਦਾ ਨਾਮ ਕੀਰਤਨ ਹੈ। ਗੁਰੂ ਸਾਹਿਬਾਨ ਰਾਗ ਪ੍ਰਭਾਵ ਤੋਂ ਜਾਣੂ ਸਨ ਇਸ ਲਈ ਉਹ ਰਾਗਾਂ ਦੀ ਵਰਤੋਂ ਬਾਰੇ ਬਹੁਤ ਸੁਚੇਤ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਉੱਪਰ ਜਿੱਥੇ ਕਾਵਿ ਰੂਪ ਨਾਲ ਸੰਬੰਧਤ ਸਿਰਲੇਖ ਦਿੱਤਾ ਉੱਥੇ ਉਨ੍ਹਾਂ ਨੂੰ ਗਾਉਣ ਲਈਂ ਰਾਗ ਵੀ ਨਿਸ਼ਚਿਤ ਕੀਤਾ ਹੈ।ਸੰਗੀਤ ਦੀ ਕਿਰਤ ਰਾਗ ਹੈ । ਖ਼ਾਸ ਤਰ੍ਹਾਂ ਦੇ ਅਨੁਭਵਾਂ ਨੂੰ ਖ਼ਾਸ ਤਰ੍ਹਾਂ ਦੇ ਰਾਗ ਹੀ ਪ੍ਰਗਟ ਕਰ ਸਕਦੇ ਹਨ।ਪਰ ਹਰ ਰਾਗ ਸਰੋਤਿਆਂ ਉੱਪਰ ਵੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ।

ਰਾਗ ਦਾ ਅਰਥ ਹੀ ਮਨੁੱਖੀ ਮਨ ਨੂੰ ਖ਼ਾਸ ਤਰ੍ਹਾਂ ਦੀਆਂ ਭਾਵਨਾਵਾਂ ਵਿਚ ਰੰਗਣ ਵਾਲਾ ਹੈ। ਹਰ ਰਾਗ ਦੀ ਸਿਰਜਣਾ ਵਿਸ਼ੇਸ਼ ਸੁਰਾਂ ਦੇ ਸੰਜੋਗ ਨਾਲ ਹੁੰਦੀ ਹੈ ਇਸ ਲਈ ਹਰ ਇਕ ਰਾਗ ਵਿਸ਼ੇਸ਼ ਭਾਵਾਂ ਨਾਲ ਸੰਬੰਧਤ ਹੁੰਦਾ ਹੈ। ਜਿਵੇਂ ਆਮ ਬੋਲ ਚਾਲ ਵਿਚ ਸਾਡੇ ਉਚਾਰਨ ਦੇ ਢੰਗਾਂ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ ਅਰਥਾਤ ਬਹੁਤਾ ਜ਼ੋਰ ਨਾਲ ਬੋਲਣ ਨਾਲ ਲੜਨ, ਝਗੜਨ, ਬਹੁਤੀ ਖ਼ੁਸ਼ੀ ਅਤੇ ਚੰਚਲਤਾ ਦਾ ਭਾਵ ਪ੍ਰਗਟ ਹੁੰਦਾ ਹੈ।ਹੌਲੀ ਬੋਲਣ ਨਾਲ ਅਧੀਨਗੀ, ਮਧੁਰਤਾ, ਧੀਰਜ, ਸ਼ਾਂਤੀ ਆਦਿ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ।ਇਸੇ ਤਰ੍ਹਾਂ ਵੱਖ ਵੱਖ ਸੁਰਾਂ ਦੇ ਪ੍ਰਯੋਗ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ। ਸੰਗੀਤ ਆਚਾਰੀਆਂ ਨੇ ਹਰ ਰਾਗ ਦਾ ਇਕ ਰਸ ਮੰਨਿਆ ਹੈ। ਭਾਵੇਂ ਵੱਖ ਵੱਖ ਰਾਗਾਂ ਬਾਰੇ ਰਸਾਂ ਸੰਬੰਧੀ ਅਸਪਸ਼ਟਤਾ ਹੈ ਪਰ ਫਿਰ ਵੀ ਸਾਧਾਰਨ ਤੌਰ ਤੇ ਸੰਗੀਤ ਵਿਚ ਤਿੰਨ ਚਾਰ ਰਸਾਂ ਦੀ ਹੀ ਪ੍ਰਧਾਨਤਾ ਮੰਨੀ ਜਾਂਦੀ ਹੈ ਸ਼ਿੰਗਾਰ, ਸ਼ਾਂਤ, ਕਰੁਣਾ, ਵੀਰ ਆਦਿ।ਹਰ ਰਾਗ ਦੇ ਵਾਤਾਵਰਣ ਵਿਚ ਇਕ ਨਿੱਜੀ ਰਸ ਹੁੰਦਾ ਹੈ ਜਿਸ ਦਾ ਸਾਡੇ ਹਿਰਦੇ ਤੇ ਪ੍ਰਭਾਵ ਪੈਂਦਾ ਹੈ।

ਪੁਰਾਤਨ ਸੰਗੀਤ ਅਚਾਰੀਆਂ ਨੇ ਰਾਗਾਂ ਦੇ ਅਨੁਕੂਲ ਕਈ ਰਾਗਾਂ ਦਾ ਮਾਨਵੀਕਰਨ ਕਰਦਿਆਂ ਉਨ੍ਹਾਂ ਦੇ ਚਿੱਤਰ ਬਣਾਏ ਹਨ ਅਤੇ ਉਨ੍ਹਾਂ ਦਾ ਸਰੂਪ ਵੀ ਵਰਣਨ ਕੀਤਾ ਗਿਆ ਹੈ।ਇਸ ਸਰੂਪ ਨੂੰ ਧਿਆਨ ਕਿਹਾ ਜਾਂਦਾ ਹੈ।ਸੰਗੀਤ ਸ਼ਾਸਤਰੀਆਂ ਅਨੁਸਾਰ ਜਿਹੜਾ ਗਾਇਕ ਰਾਗ ਦਾ ਧਿਆਨ ਮਨ ਵਿੱਚ ਵਸਾਏ ਬਿਨਾਂ ਉਸ ਦਾ ਗਾਇਣ ਕਰਦਾ ਹੈ ਉਸ ਨੂੰ ਮਨਇਛਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ।ਸਪਸ਼ਟ ਹੈ ਕਿ ਜਿਹੜਾ ਗਾਇਕ ਰਾਗ ਦੇ ਭਾਵ ਸੰਬੰਧੀ ਉਸ ਦੀ ਖ਼ਾਸ ਸ਼ਖ਼ਸੀਅਤ ਤੋਂ ਵਾਕਿਫ ਨਹੀਂ ਹੋਵੇਗਾ।ਉਹ ਉਸਦੇ ਰੂਪ ਨੂੰ ਠੀਕ ਪੇਸ਼ ਨਹੀਂ ਕਰ ਸਕੇਗਾ ਤੇ ਸਰੋਤਿਆਂ ਨੂੰ ਅਨੰਦ ਨਹੀਂ ਆਵੇਗਾ।

ਗੁਰੂ ਨਾਨਕ ਦੇਵ ਜੀ ਦੇ ਵੇਲੇ ਦੇ ਰਾਗਾਂ ਦੇ ਬਹੁਤੇ ਭਾਵ ਚਿੱਤਰ ਜਾਂ ਧਿਆਨ ਸ਼ਿੰਗਾਰ ਰਸੀ ਭਾਵਾਂ ਦੀ ਅਨੁਭੂਤੀ ਕਰਾਉਂਦੇ ਸਨ ਕਿਉਂਕਿ ਬਹੁਤੇ ਸੰਗੀਤਕਾਰ ਰਾਜਿਆਂ ਮਹਾਰਾਜਿਆਂ ਦੇ ਆਸਰੇ ਤੇ ਰਹਿੰਦੇ ਸਨ ਇਸ ਲਈ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਨਾ ਸੀ। ਪਰ ਗੁਰੂ ਸਾਹਿਬ ਦੇ ਸਰੋਤੇ ਨਾ ਤਾਂ ਰਾਜੇ ਮਹਾਰਾਜੇ ਸਨ ਅਤੇ ਨਾ ਹੀ ਉਹ ਰਾਗਾਂ ਰਾਹੀਂ ਆਪਣੇ ਸਰੋਤਿਆਂ ਨੂੰ ਕੇਵਲ ਆਨੰਦ ਦੇਣਾ ਚਾਹੁੰਦੇ ਸਨ। ਉਹ ਤਾਂ ਆਮ ਲੋਕਾਂ ਵਿੱਚ ਕਲਿਆਣਕਾਰੀ ਭਾਵਨਾਵਾਂ ਦਾ ਸੰਚਾਰ ਕਰਨਾ ਲੋੜਦੇ ਸਨ। ਇਸ ਲਈ ਉਨ੍ਹਾਂ ਨੇ ਰਾਗਾਂ ਨੂੰ ਵਿਲਾਸੀ ਵਾਤਾਵਰਣ ਨਾਲੋਂ ਮੁਕਤ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਅਤੇ

ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਵੱਲੋਂ ਸਪਸ਼ਟ ਨਿਰਦੇਸ਼ ਵੀ ਦਿੱਤੇ।ਕੁਝ ਰਾਗਾਂ ਦਾ ਤੁਲਨਾਤਮਿਕ ਅਧਿਐਨ ਕਰਨਾ ਅਣਉਚਿਤ ਨਹੀਂ ਹੋਵੇਗਾ।

ਸਿਰੀ ਰਾਗ

ਇਸ ਰਾਗ ਦਾ ਭਾਵ ਚਿੱਤਰ ਬਿਆਨ ਕਰਦਿਆਂ ਸੰਗੀਤ ਦਰਪਣ ਵਿਚ ਦੱਸਿਆ ਗਿਆ ਹੈ, ਜਿਸ ਦੀ ਉਮਰ ਅਠਾਰਾਂ ਸਾਲਾਂ ਦੀ ਹੈ।ਕਾਮਦੇਵ ਵਰਗੀ ਜਿਸ ਦੀ ਸੂਰਤ ਹੈ ਜੋ ਧੀਰ ਅਤੇ ਜਿਸ ਨੇ ਕੋਮਲ ਫੁੱਲਾਂ ਦੇ ਗਹਿਣੇ ਪਾਏ ਹੋਏ ਹਨ।ਪਰ ਗੁਰੂ ਕਾਵਿ ਵਿਚ ਇਸ ਰਾਗ ਬਾਰੇ ਆਦੇਸ਼ ਦਿੱਤਾ ਹੈ :

ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83)

ਰਾਗ ਗਉੜੀ

ਇਸ ਰਾਗ ਬਾਰੇ ਰਾਗ ਵਿਬੋਧ ਵਿਚ ਦੱਸਿਆ ਹੈ ਕਿ ਇਹ ਗੋਰੇ ਰੰਗ ਵਾਲੀ ਅਤੇ ਕਮਲ ਵਰਗੀਆਂ ਅੱਖਾਂ ਵਾਲੀ ਹੈ।ਇਸ ਨੇ ਦੁੱਧ ਦੇ ਸਮੁੰਦਰ ਵਰਗੇ ਸਫੈਦ ਬਸਤਰ ਪਾਏ ਹੋਏ ਹਨ। ਇਸ ਦੀ ਸੁਭਾਵਕ ਸੁੰਦਰ ਹਾਸੀ ਹੈ ਅਤੇ ਲੰਮੀਆਂ ਲੰਮੀਆਂ ਬਾਹਵਾਂ-----। ਪਰ ਗੁਰੂ ਸਾਹਿਬ ਨੇ ਇਸ ਰਾਗ ਬਾਰੇ ਉਚਾਰਿਆ ਹੈ :

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)

ਰਾਗ ਗੂਜਰੀ

ਇਸ ਰਾਗ ਨੂੰ ਨਾਇਕਾ ਦੱਸਦਿਆਂ ਕਿਹਾ ਹੈ ਕਿ ਇਸ ਨੇ ਬਾਰਾਂ ਰੰਗਾਂ ਦੇ ਬਸਤਰ ਧਾਰਨ ਕੀਤੇ ਹੋਏ ਹਨ। ਪੀਲੇ ਰੰਗ ਦੀ ਚੋਲੀ ਅਤੇ ਸੁਨਹਿਰੀ ਬੂਟੀਦਾਰ ਸੁਰੰਗੀ ਸਾੜ੍ਹੀ ਪਹਿਨੀ ਹੋਈ ਹੈ। ਸਜੇ ਹੋਏ ਪਲੰਘ ਤੇ ਇਕੱਲੀ ਬੈਠੀ ਬੇਹਾਲ ਵੀਣਾ-ਵਾਦਨ ਕਰ ਰਹੀ ਹੈ।ਇਹ ਪਰਮ ਸੁੰਦਰੀ ਅਤਿਅੰਤ ਪਤਲੀ ਕਮਰ ਵਾਲੀ ਯੌਵਨ ਰਸ ਨਾਲ ਭਰਪੂਰ, ਕੋਇਲ ਵਾਂਗ ਮਿਠ-ਬੋਲੜੀ ਤਾਲ ਨਾਲ ਗਾਉਣ ਵਿਚ ਪ੍ਰਵੀਨ ਹੈ। ਪਰ ਗੁਰੂ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ :

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)

ਸੋਰਠ ਰਾਗ

ਇਸ ਨੂੰ ਰਾਗਣੀ ਦੱਸਦਿਆਂ ਸੰਗੀਤ ਦਰਪਣ ਵਿਚ ਲਿਖਿਆ ਹੈ ਜਿਸ ਨੇ ਉੱਚੇ ਅਤੇ ਪੁਸ਼ਟ ਸਤਣਾ ਤੇ ਸੁੰਦਰ ਹਾਰ ਪਹਿਨੇ ਹੋਏ ਹਨ ਅਤੇ ਜਿਸ ਦਾ ਚਿੱਤ, ਕੰਨ ਵਿਚ ਪਾਏ ਹੋਏ ਕੌਂਪਲ ਦੇ ਆਸ ਪਾਸ ਗੂੰਜਣ ਵਾਲੇ ਭੌਰੇ ਦੀ ਭੂੰ ਭੂੰ ਤੋਂ ਉਚਾਟ ਹੋ ਰਿਹਾ ਹੈ।ਜਿਸ ਦੀ ਬਾਂਹ ਸ਼ਿਥਿਲ ਹੋ ਗਈ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ।

ਪਰ ਗੁਰੂ ਸਾਹਿਬਾਨ ਨੇ ਰਾਗ ਸੋਰਠ ਰਾਹੀਂ ਨਾਮ ਦਾ ਰਸ ਪੀਣ ਦੀ ਗੱਲ ਕੀਤੀ ਹੈ :

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)

ਰਾਗ ਧਨਾਸਰੀ

ਰਾਗ ਵਿਬੋਧ ਵਿਚ ਇਸ ਰਾਗ ਦੇ ਸਰੂਪ ਦਾ ਜਿਹੜਾ ਬਿਆਨ ਕੀਤਾ ਗਿਆ ਹੈ ਉਹ ਇਤਨਾ ਸ਼ਿੰਗਾਰਕ ਹੈ ਕਿ ਕਈ ਥਾਵਾਂ ਤੇ ਉਹ ਅਸ਼ਲੀਲ ਵੀ ਹੋ ਜਾਂਦਾ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਜਨ 'ਸਤਿਗੁਰ ਕੀ ਕਾਰ' ਨਾਲ ਸੰਬੰਧਤ ਕਰ ਦਿੱਤਾ ਹੈ :

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ
ਤਨ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419)

ਰਾਗ ਬਿਲਾਵਲ

ਸੰਗੀਤ ਦਰਪਣ ਵਿਚ ਇਸ ਨੂੰ ਰਾਗਣੀ ਦੱਸਿਆ ਹੈ ਅਤੇ ਇਸ ਬਾਰੇ ਲਿਖਿਆ ਹੈ, ਆਪਣੇ ਪ੍ਰੀਤਮ ਨੂੰ ਮਿਲਣ ਲਈ ਨਿਸ਼ਚਤ ਸਥਾਨ ਨੂੰ ਜਿਸ ਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ।ਜਿਸ ਨੇ ਆਪਣੇ ਸਰੀਰ ਤੇ ਕਈ ਤਰ੍ਹਾਂ ਦੇ ਗਹਿਣੇ ਸਜਾਏ ਹੋਏ ਹਨ ਅਤੇ ਜਿਹੜੀ ਬਾਰ ਬਾਰ ਆਪਣੇ ਇਸ਼ਟ ਕਾਮਦੇਵ ਦਾ ਧਿਆਨ ਧਰਦੀ ਹੈ।ਜਿਸ ਦਾ ਰੰਗ ਕਮਲ ਵਾਂਗੂ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਨੂੰ ਗੁਰੂ ਦੇ ਉਪਦੇਸ਼ ਲਈ ਪ੍ਰਯੋਗ ਕੀਤਾ ਹੈ :

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ
ਉਪਦੇਸ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਰਾਗ ਰਾਮਕਲੀ

ਚਿੱਤਰਕਾਰਾਂ ਨੇ ਇਸ ਰਾਗਣੀ ਦਾ ਚਿੱਤਰ ਇਸ ਤਰ੍ਹਾਂ ਬਣਾਇਆ ਹੈ-ਕੇਸਰੀ ਪੁਸ਼ਾਕ ਧਾਰਨ ਕਰਕੇ ਇਹ ਨਾਇਕਾ ਆਪਣੇ ਪ੍ਰੀਤਮ ਦੇ ਸਾਹਮਣੇ ਸੇਜ ਤੇ ਬੈਠੀ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਬਾਰੇ ਉਚਾਰਿਆ ਹੈ:

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 950)

ਇਸ ਤਰ੍ਹਾਂ ਕਈ ਹੋਰ ਰਾਗਾਂ ਦੇ ਵਰਣਨ ਦਾ ਤੁਲਨਾਤਮਿਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਕਵੀਆਂ ਨੇ ਰਾਗਾਂ ਦਾ ਪ੍ਰਯੋਗ ਆਪਣੇ ਪ੍ਰਯੋਜਨ ਲਈ ਵਿਸ਼ੇਸ਼ ਢੰਗ ਨਾਲ ਕੀਤਾ ਹੈ।ਉਨ੍ਹਾਂ ਸਭ ਰਾਗਾਂ ਬਾਰੇ ਦੱਸਿਆ ਹੈ:

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 423)

ਉਨ੍ਹਾਂ ਨੇ ਉਹ ਰਾਗ ਧੰਨ ਕਹੇ ਹਨ ਜਿਹੜੇ ਮਨੁੱਖ ਦੀਆਂ ਤ੍ਰਿਸ਼ਨਾਵਾਂ ਨੂੰ ਸ਼ਾਂਤ ਕਰਨ ਵਿਚ ਸਹਾਇਕ ਹਨ-

ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)

ਜਿਵੇਂ ਕਿ ਅਸੀਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ ਮੰਤਵ ਆਮ ਸਰੋਤਿਆਂ ਤਕ ਆਪਣੇ ਵਿਚਾਰ ਪਹੁੰਚਾਉਣ ਦਾ ਸੀ ਨਾ ਕਿ ਉਸ ਵੇਲੇ ਦੀਆਂ ਸ਼ਾਹੀ ਮਹਿਫਲਾਂ ਦੇ ਸੰਗੀਤਕਾਰਾਂ ਵਾਂਗ ਚਮਤਕਾਰ ਵਿਖਾ ਕੇ ਆਪਣੀ ਕਲਾ ਦਾ ਰੋਹਬ ਪਾਉਣ ਦਾ।ਇਸ ਲਈ ਉਨ੍ਹਾਂ ਨੇ ਆਪਣੀ ਬਾਣੀ ਨੂੰ ਬਿਖੜੇ ਤਾਲਾਂ ਦੀ ਥਾਂ ਤੇ ਸਧਾਰਨ ਧੁਨਾਂ ਤੇ ਗਾਉਣ ਲਈ ਨੀਯਤ ਕੀਤਾ। ਉਸ ਵੇਲੇ ਦੇ ਬਾਕੀ ਭਗਤ ਕਵੀ ਵੀ ਇਸੇ ਪੱਧਤੀ ਅਨੁਸਾਰ ਕਾਵਿ ਰਚਨਾ ਕਰ ਅਤੇ ਸੁਣਾ ਰਹੇ ਸਨ। ਅਚਾਰੀਆ ਬ੍ਰਹਸਪਤੀ ਨੇ ਠੀਕ ਹੀ ਲਿਖਿਆ ਹੈ, ਜਿਨ੍ਹਾਂ ਕਵੀਆਂ ਦਾ ਮੰਤਵ ਆਪਣੇ ਅਨੁਭਵ ਨੂੰ ਜਿਵੇਂ ਤਿਵੇਂ ਪ੍ਰਗਟ ਕਰਕੇ ਸੁਹਿਰਦਤਾ ਨੂੰ ਉਸ ਦਾ ਅਨੁਭਵ ਕਰਾ ਦੇਣਾ ਹੁੰਦਾ ਹੈ, ਉਨ੍ਹਾਂ ਵਿਚ ਬਾਲਮੀਕ, ਕਾਲੀਦਾਸ, ਤੁਲਸੀ ਅਤੇ ਸੂਰ ਦਾਸ ਆਉਂਦੇ ਹਨ; ਗਾਇਕ ਦਾ ਪ੍ਰਯੋਜਨ ਵੀ ਠੀਕ ਇਹੋ ਹੋਣਾ ਚਾਹੀਦਾ ਹੈ।

ਜਿਹੜੇ ਕਵੀ 'ਭਾਵੋ ਦੀ ਚਿੰਤਾ ਨਾ ਕਰਕੇ ਅਨੁਪ੍ਰਾਸ ਜਾਂ ਉਪਮਾ-ਰੂਪਕ ਨੂੰ ਹੀ ਆਪਣਾ ਲਕਸ਼ ਮੰਨ ਬਹਿੰਦੇ ਹਨ ਉਨ੍ਹਾਂ ਦੀ ਗਿਣਤੀ ਮਹਾਂ ਕਵੀਆਂ ਵਿਚ ਕਦੀ ਨਹੀਂ ਹੁੰਦੀ, ਉਹ ਲੋਕ ਹਿਰਦੇ ਦੇ ਪ੍ਰਤੀਨਿਧ ਕਦੀ ਨਹੀਂ ਹੁੰਦੇ। ਇਸੇ ਤਰ੍ਹਾਂ ਜਿਹੜੇ ਗਾਇਕ ਤਾਨ੍ਹਾ ਪਲਟਿਆਂ, ਅਲੰਕਾਰ ਜਾ ਲੈਅਕਾਰੀ ਦੇ ਚੱਕਰ ਵਿਚ ਪਏ ਰਹਿੰਦੇ ਹਨ ਉਹ ਆਪਣੇ ਅਭਿਆਸ ਨਾਲ ਸਰੋਤਿਆਂ ਨੂੰ ਚੱਕਰ ਵਿਚ ਭਾਵੇਂ ਪਾ ਲੈਣ ਪਰ ਆਨੰਦਤ ਨਹੀਂ ਕਰ ਸਕਦੇ।

ਗੁਰੂ ਸਾਹਿਬ ਦਾ ਮੰਤਵ ਸਰੋਤਿਆਂ ਨੂੰ ਚੱਕਰ ਵਿਚ ਪਾਉਣਾ ਨਹੀਂ ਸੀ ਅਤੇ ਨਾ ਹੀ ਉਹ ਆਪਣੀ ਬਾਣੀ ਦਾ ਇਸ ਲਈ ਪ੍ਰਯੋਗ ਕੀਤੇ ਜਾਣ ਦੇ ਹੱਕ ਵਿਚ ਸਨ। ਉਹ ਤਾਂ ਸਹਿਜ ਨਾਲ ਗੁਣ ਗਾਇਣ ਕਰਨ ਦੇ ਹਾਮੀ ਸਨ:

ਜਿਉ ਭਾਵੈ ਤਿਉ ਰਾਖੁ ਰਜਾਇ
ਨਾਨਕ ਸਹਜਿ ਭਾਇ ਗੁਣ ਗਾਇ
(ਗੁਰੂ ਗ੍ਰੰਥ ਸਾਹਿਬ, ਪੰਨਾ 686)

ਗੁਰੂ ਅਮਰ ਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਹਿਜ ਨਾਲ ਗਾਇਣ ਕਰਨ ਵਾਲੀ ਭਾਵਨਾ ਨੂੰ ਆਪਣੀ ਬਾਣੀ ਇੰਜ ਵਿੱਚ ਪ੍ਰਗਟ ਕੀਤਾ ਹੈ:

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦੁ
(ਗੁਰੂ ਗ੍ਰੰਥ ਸਾਹਿਬ, ਪੰਨਾ 68)
ਅੰਤਰੁ ਨਿਰਮਲੁ ਨਿਰਮਲੁ ਬਾਣੀ ਹਰਿ ਗੁਣ ਸਹਜੇ ਗਾਵਣਿਆ
(ਗੁਰੂ ਗ੍ਰੰਥ ਸਾਹਿਬ , ਪੰਨਾ 114)
ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ
(ਗੁਰੂ ਗ੍ਰੰਥ ਸਾਹਿਬ, ਪੰਨਾ 428)

ਗੁਰੂ ਸਾਹਿਬ ਚਾਹੁੰਦੇ ਸਨ ਕਿ ਸ਼ਬਦ ਰਾਗ ਦੀ ਐਸੀ ਤਰਜ਼ ਵਿਚ ਗਾਂਵਿਆ ਜਾਵੇ ਕਿ ਜਿਸ ਤਰਜ਼ ਵਿਚ ਸੰਗੀਤਕ ਕਾਇਦਿਆਂ ਅਨੁਸਾਰ ਉਹ ਭਾਵ ਪੈਦਾ ਕਰ ਦੇਣ ਦੀ ਰਚਨਾ ਦੇ ਅਰਥ ਭਾਵ ਵਿਚ ਤਾਸੀਰ ਹੈ ਅਰਥਾਤ ਸ਼ਬਦਾਂ ਦਾ ਅਰਥ ਭਾਵ ਤੋਂ ਧਾਰਨਾ ਦਾ ਸੰਗੀਤਕ ਅਸਰ ਦਿਲ ਪਰ ਇੱਕੋ ਕਿਸਮ ਦਾ ਵਲਵਲਾ ਪੈਦਾ ਕਰਨ।

<u>ਕੀਰਤਨਕਾਰ:</u>

ਜਿੱਥੇ ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਦਰਸਾਈ ਹੈ ਉੱਥੇ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਬਿਆਨ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਪਰਮੇਸਰ ਦਾ ਢਾਡੀ ਅਰਥਾਤ ਕੀਰਤਨ ਕਰਨ ਵਾਲਾ ਆਖਦੇ ਹਨ :

ਹਉ ਢਾਢੀ ਵੇਕਾਰੁ ਕਾਰੈ ਲਾਇਆ।
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ
ਢਾਢੀ ਸਚੈ ਮਹਲਿ ਖਸਮਿ ਬੁਲਾਇਆ
ਸਚੀ ਸਿਫਤਿ ਸਾਲਾਹ ਕਪੜਾ ਪਾਇਆ
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ
ਗੁਰਮਤਿ ਖਾਧਾ ਰਜਿ ਤਿਨਿ ਸੁਖੁ ਪਾਇਆ
ਢਾਢੀ ਕਰੇ ਪਸਾਉ ਸਬਦੁ ਵਜਾਇਆ
ਨਾਨਕ ਸਚੁ ਸਾਲਾਹਿ ਪੂਰਾ ਪਾਇਆ
(ਵਾਰ ਮਾਝ ਮਹਲਾ ੧, ਪੰਨਾ 150)

ਗੁਰੂ ਨਾਨਕ ਦੇਵ ਜੀ ਢਾਡੀ ਦੀ ਹੋਰ ਵਿਸ਼ੇਸ਼ਤਾ ਨੂੰ ਦਰਸਾਉਂਦਿਆਂ ਬਿਆਨ ਕਰਦੇ ਹਨ:

ਸਚਾ ਸਤਿਗੁਰੁ ਸੇਵਨਿ ਸਚਾ ਮਾਰਗ ਦਸਿਆ
ਸਚਾ ਸਬਦੁ ਬੀਚਾਰਿ ਕਾਲ ਵਿਧਉਸਿਆ
ਢਾਢੀ ਕਥੇ ਅਕਥੁ ਸਬਦਿ ਸਵਾਰਿਆ
(ਵਾਰ ਮਾਝ, ਪੰਨਾ 148)
ਖਾਲਕ ਕਉ ਆਦੇਸੁ ਢਾਢੀ ਗਾਵਣਾ
ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ
(ਗੁਰੂ ਗ੍ਰੰਥ ਸਾਹਿਬ ਪੰਨਾ 148)
ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹੁ ਤਿਸੁ ਕਵਲਾ ਕੰਤਾ।
(ਗੁਰੂ ਗ੍ਰੰਥ ਸਾਹਿਬ, ਪੰਨਾ 650)

ਕੀਰਤਨ ਕਾਰ ਦੀ ਮਹਿਮਾ ਦਾ ਗਾਇਣ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਥਾਵਾਂ ਤੇ ਹੋਇਆ ਹੈ–

ਜੋ ਜਨੁ ਕੀਰਤਨੁ ਕਰੈ ਗੋਪਾਲ
ਤਿਸ ਕਉ ਪੋਹਿ ਨ ਸਕੈ ਜਮ ਕਾਲੁ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 867)
ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾਕੀ ਦੁਰਮਤਿ ਨਾਸ
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1300)

ਮਾਈ ਜੋ ਪ੍ਰਭ ਕੇ ਗੁਨ ਗਾਵੈ
ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 531)
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600)
ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 716)
ਕਹੁ ਨਾਨਕ ਸੋਈ ਨਰ ਸੁਖੀਆ ਰਾਮ ਨਾਮ ਗੁਨ ਗਾਵੈ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 831)
ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540)
ਹਰਿ ਜਨ ਰਾਮ ਨਾਮ ਗੁਨ ਗਾਵੈ
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719-720)
ਪਰ ਕੀਰਤਨ ਕਰਨ ਲਈ ਕੁਝ ਮਾਪਦੰਡ ਵੀ ਨਿਸ਼ਚਿਤ ਕੀਤੇ ਗਏ ਹਨ
ਜਿਸ ਨੋ ਪਰਤੀਤਿ ਹੋਵੈ, ਤਿਸ ਕਾ ਗਾਵਿਆ ਥਾਇ ਪਵੈ,
ਸੋ ਪਾਵੈ ਦਰਗਹ ਮਾਨੁ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 734)

ਜਿਹੜੇ ਕੇਵਲ ਵਿਖਾਵੇ ਲਈ ਗਾਇਣ ਕਰਦੇ ਹਨ ਉਹ ਬਿਨਾਂ ਨਾਮ ਤੋਂ ਝੂਠੇ ਹਨ। ਅਸਲ ਵਿੱਚ ਤਾਂ ਗੁਰੂ ਦੀ ਕਿਰਪਾ ਦੁਆਰਾ ਨਾਮ ਨਾਲ ਜੁੜ ਕੇ ਹੀ ਹਰੀ ਦੇ ਗੁਣ ਗਾਇਣ ਕਰਨੇ ਚਾਹੀਦੇ ਹਨ:

ਗਾਵਹਿ ਗੀਤੇ ਚੀਤਿ ਅਨੀਤੇ
ਰਾਗ ਸੁਣਾਇ ਕਹਾਵਹਿ ਬੀਤੇ
ਬਿਨ ਨਾਵੈ ਮਨਿ ਝੂਠੁ ਅਨੀਤੇ
ਕਹਾ ਚਲਹੁ ਮਨ ਰਹਹੁ ਘਰੇ
ਗੁਰਮੁਖ ਰਾਮ ਨਾਮਿ ਤ੍ਰਿਪਤਾਸੇ
ਖੋਜਤ ਪਾਵਹੁ ਸਹਜਿ ਹਰੇ
ਗੁਰ ਪਰਸਾਦੀ ਕਰਮ ਕਮਾਉ
ਨਾਮੇ ਰਾਤਾ ਹਰਿ ਗੁਣ ਗਾਉ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 414-15)
ਗੁਰੂ ਰਾਮ ਦਾਸ ਜੀ ਵੀ ਫੁਰਮਾਉਂਦੇ ਹਨ
ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ
ਜਿਨਾ ਅੰਤਰਿ ਕਪਟੁ ਵਿਕਾਰੁ ਹੈ
ਤਿਨਾ ਰੋਇ ਕਿਆ ਕੀਜੈ (ਗੁਰੂ ਗ੍ਰੰਥ ਸਾਹਿਬ, ਪੰਨਾ 450)

ਕੀਰਤਨਕਾਰ ਨੇ ਆਪਣੀ ਕਲਾ ਜਾਂ ਵਿਦਵਤਾ ਵਿਖਾਵਾ ਨਹੀਂ ਕਰਨਾ ਸਗੋਂ ਸਹਿਜ ਵਿੱਚ ਅਤੇ ਨਿਮਰਤਾ ਨਾਲ ਕੀਰਤਨ ਕਰਨਾ ਹੈ-

ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)
ਉਹ ਕੀਰਤਨੀਆਂ ਭਲਾ ਹੈ ਜਿਹੜਾ ਲਾਲਚ ਛੱਡ ਕੇ ਗੁਰਬਾਣੀ ਦਾ ਗਾਇਣ ਕਰਦਾ ਹੈ
ਭਲੋ ਭਲੋ ਰੇ ਕੀਰਤਨੀਆਂ ਰਾਮ ਰਮਾ ਰਾਮਾ ਗੁਨ ਗਾਉ

ਛੋਡਿ ਮਾਇਆ ਕੇ ਧੰਧ ਸੁਆਉ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 885)
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਗੁਰੂ ਗ੍ਰੰਥ ਸਾਹਿਬ ਵਿੱਚ ਜਿਤਨੇ ਰਾਗਾਂ ਦਾ ਪ੍ਰਯੋਗ ਹੋਇਆ ਹੈ ਉਨ੍ਹਾਂ ਦੀ ਜਾਣਕਾਰੀ ਕੀਰਤਨੀਏ ਨੂੰ ਹੋਣੀ ਚਾਹੀਦੀ ਹੈ। ਜਿਹੜੀਆਂ ਗਾਇਣ ਸ਼ੈਲੀਆਂ ਕੀਰਤਨ ਕਰਨ ਲਈ ਨਿਸ਼ਚਿਤ ਕੀਤੀਆਂ ਗਈਆਂ ਹਨ ਉਨ੍ਹਾਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ।

ਇਸ ਤਰ੍ਹਾਂ ਗੁਰਬਾਣੀ ਵਿੱਚ ਕੀਰਤਨ ਅਤੇ ਕੀਰਤਨੀਏ ਬਾਰੇ ਇੱਕ ਵਿਸ਼ੇਸ਼ ਪ੍ਰਕਾਰ ਦਾ ਸੰਕਲਪ ਬਿਆਨ ਕੀਤਾ ਗਿਆ ਹੈ। ਲੋੜ ਹੈ ਇਸ ਸੰਕਲਪ ਦੀ ਲੋਅ ਵਿੱਚ ਕੀਰਤਨ ਅਤੇ ਕੀਰਤਨੀਏ ਦੀ ਸੰਭਾਲ ਕੀਤੀ ਜਾਵੇ।

---

# ਆਰਤੀ-ਚਿੱਤਰ

## (ਚਿੱਤਰਕਾਰ - ਜੀ.ਐਸ. ਸੋਹਨ ਸਿੰਘ)

**ਸਮੀਖਿਆਕਾਰ: ਜਗਤਾਰਜੀਤ ਸਿੰਘ**

ਆਰਤੀ' ਪਰਮ ਸਿਮਾਦ ਰਚਨਾ ਹੈ। ਰਚਨਾਕਾਰ ਗੁਰੂ ਨਾਨਕ ਦੇ ਹਨ। ਦੁਨਿਆਵੀ ਹਿਾਰ, ਜੋ ਕਰਮਕਾਂਡ ਅਤੇ ਕਤੀ ਹੈ, ਦੇ ਮੁਕਾਬਲੇ ਕਰਮਕਾਂਡ ਤੋਂ ਪਰਾਂ ਹਰ ਖਿਣ ਹੋ ਰਹੀ ਅਤੇ ਬਦਲ ਰਹੀ ਬ੍ਰਹਮੰਡੀ ਗਰਦਿਸ਼ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਬ੍ਰਹਮੰਡੀ ਗਰਦਿਸ਼ ਗੋਚਰ ੀ ਹੈ ਅਤੇ ਅਗੋਚਰ ੀ।

ਆਰਤੀ' ਦ੍ਰਿਸ਼ ਦਾ ਰਚੈਤਾ ਜੀ.ਐਸ. ਸੋਹਨ ਸਿੰਘ ਗੋਚਰ ਪ੍ਰਕਿਰਤੀ ਦਰਮਿਆਨ ਗੁਰੂ ਨਾਨਕ ਦੇ ਦੀ ਛੋਹ ਨੂੰ ਮਹਿਸੂਸਦਾ ਹੋਇਆ ਆਪਣਾ ਕਾਰਜ ਨੇਪਰੇ ਚਾੜ੍ਹਦਾ ਹੈ। ਉਹ ਕੁਝ ਅਜਿਹੇ ਸੰਕੇਤ, ਛੋਹਾਂ, ਛੱਡਦਾ ਹੈ ਜਿਸ ਤੋਂ ਅਭਾਸ ਹੋ ਕਿ ਕੁਝ ਜੁਜ ਗਰਦਿਸ਼ ਚਿ ਹਨ। ਇਥੇ ਸਿਰਫ਼ ਅਤੇ ਸਿਰਫ਼ ਗੁਰੂ ਨਾਨਕ ਦੇ ਦੇ ਇਲਾਾ ਕੁਦਰਤ ਦੀਆਂ ਖੱ-ਖ ਇਕਾਈਆਂ ਹਨ।

ਚਿਤੇਰਾ ਕੀ ਆਪਣੇ ਉੱਦਮ ਚਿ ਸਫ਼ਲ ਹੋਇਆ ਹੈ, ਬਾਬਤ ਕੁਛ ਨਹੀਂ ਕਿਹਾ ਜਾ ਸਕਦਾ। ਇਹ ਸੱਚ ਹੈ ਕਿ ਚਿੱਤਰਕਾਰ ਨੂੰ ਚਿੱਤਰ ਪੇਂਟ ਕਰਦੇ ਸਮੇਂ, ਲਿੱਖਣ ਅਨੁਭ ਜ਼ਰੂਰ ਹੋਇਆ ਹੋਗਾ। ਓਦਾਂ ੀ ਇਸ ਸ਼ਿ ਨੂੰ ਲੈ ਕਿਸੇ ਹੋਰਸ ਚਿਤੇਰੇ ਦੀ ਰਚਨਾ ਦਿਖਾਈ ਨਹੀਂ ਦੇਂਦੀ। ਦੇਖਾ-ਦੇਖੀ ਜੋ ਰਚਨਾਂ ਅੱਜਕਲ੍ਹ ਰਚੀਆਂ ਜਾ ਰਹੀਆਂ ਹਨ ਅਨੁਭ ਹੂਣੀਆਂ, ਨਿਮਨ ਪੱਧਰ ਦੀਆਂ ਹਨ।

ਆਰਤੀ' ਗੁਰੂ ਨਾਨਕ ਦੇ ਦੀ ਰਚਨਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਪੰਨਾ 663 ਉੱਪਰ ਧਨਾਸਰੀ ਰਾਗ ਚਿ ਹੈ।

ਗਗਨ ਮੈ ਥਾਲ ਰਿ ਚੰਦੁ ਦੀਪਕ ਬਨੇ

ਤਾਰਿਕਾ ਮੰਡਲ ਜਨਕ ਮੋਤੀ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੇ ਨਾਇ ਾਸਾ॥

ਗੁਰੂ ਨਾਨਕ ਦੇ ਆਪਣੀ ਪਹਿਲੀ ਉਦਾਸੀ ਦੌਰਾਨ ਜਦ ਜਗਨ ਨਾਥ ਪੁਰੀ ਪਹੁੰਚੇ ਤਾਂ ਉਥੇ ਉਹਨਾਂ ਪਾਂਡਿਆਂ ਦਾ ਰਤੋਂ-ਹਿਾਰ ਦੇਖਿਆ।

ਉਥੇ ਹੀ ਉਹਨਾਂ ਨੇ ਪਾਂਡਿਆਂ ਨੂੰ ਨਿਰਜਿੰਦ ਮੂਰਤੀਆਂ ਅਗੇ ਖੜ੍ਹੇ ਹੋ ਕੇ ਜਗਦੇ ਦੀਆਂ ਨਾਲ ਉਹਨਾਂ ਦੀ ਆਰਤੀ ਉਤਾਰਦਿਆਂ ਦੇਖਿਆ। ਗੁਰੂ ਜੀ ਨੂੰ ਇਹ ਰੀਤ ਪ੍ਰਾਨ ਨਹੀਂ ਹੋਈ। ਉਹਨਾਂ ਨੇ ਪੱਥਰ ਦੀਆਂ ਦੇਂਆਂ-ਦੇਤਿਆਂ ਦੀ ਸੀਮਤ ਉਸਤਤ ਦੀ ਬਜਾਏ ਕੁਦਰਤ ਦੇ ਸ਼ਿਾਲ-ਅਸੀਮ ਰਤਾਰੇ ਨੂੰ ਆਪਣੀ ਉਸਤਤ ਦਾ ਸ਼ਿਾ ਸੀਕਾਰਿਆ।

ਉਹ ਗਗਨ ਨੂੰ ਜਦ ਥਾਲ ਰੂਪ ਚਿ ਚਿਤਰਦੇ ਹਨ ਤਾਂ ਉਹ ਕਿਸੇ ਨਾ ਕਿਸੇ ਰੂਪ ਜਾਂ ਧਰਾਤਲ ਉੱਪਰ ਕਾਲ (ਸੀਮਤ) ਦੀ ਬਜਾਏ ਅਕਾਲ (ਅਸੀਮਤ) ਦੇ ਪੱਖ ਲ ਹਾਜ਼ਰ ਹੋ ਰਹੇ ਲਗਦੇ ਹਨ।

ਦੋਂ-ਦੇਤੇ ਇਕ ਨਿਸਚਿਤ ਕਾਲ-ਖੰਡ ਚਿ ਜਨਮੇ ਅਤੇ ਮਰ ਗਏ ਜਦ ਕਿ ਕੁਦਰਤ ਦੇ ਤੱਤ ਆਦਿ-ਅਨਾਦਿ ਸਮੇਂ ਤੋਂ ਹੋਂਦ ਚਿ ਹਨ। ਇਹਨਾਂ ਦੀ ਉਤਪਤੀ ਬਾਬਤ ਇਹਨਾਂ ਦੇ ਕਰਤੇ ਨੂੰ ਹੀ ਗਿਆਨ ਹੈ ਜਿਸ ਨੇ ਇਹਨਾਂ ਦੀ ਰਚਨਾ ਕੀਤੀ ਹੈ।

ਇਹ ਤਸੀਰ ਲੰਬੇ ਰੁਖ਼ ਲ ਨੂੰ ਹੈ ਅਤੇ ਜਲ ਰੰਗਾਂ ਚਿ ਤਿਆਰ ਕੀਤੀ ਗਈ ਹੈ। ਇਸਦਾ ਰਚਨਾਕਾਲ 1979 ਦਾ ਹੈ। ਜੀ.ਐਸ. ਸੋਹਨ ਸਿੰਘ ਨੇ ਇਸ ਸ਼ਿ ਨੂੰ ਇਸ ਦੇ ਇਲਾ ਦੋ ਾਰ ਹੋਰ ਛੋਹਿਆ। ਖ਼ਾਸ ਮੌਕਿਆਂ ਉੱਪਰ ਹੀ ਇਹ ਚਿੱਤਰ ਦਿਖਾਈ ਦੇਂਦੇ ਹਨ। ਇਹਨਾਂ ਨੂੰ ਆਮ ਲੋਕਾਂ ਲੋਂ ਅਪਨਾਇਆ ਨਹੀਂ ਗਿਆ, ਇਹੋ ਪ੍ਰਤੀਤ ਹੁੰਦਾ ਹੈ।

ਚਿੱਤਰਕਾਰ ਆਪਣੇ ਇਸ਼ਟ ਨੂੰ ਕੁਦਰਤ ਦੀ ਗੋਦ ਚਿ ਖੜੇ ਹੋਏ ਦਿਖਾਉਂਦਾ ਹੈ ਜਿਥੇ ਬਨਸਪਤੀ, ਆਕਾਸ਼, ਜਲ ਸਰੋਤਾਂ ਦੀ ਕਲ-ਕਲ ਹੈ।

ਸਥਿਤੀ ਅਨੁਸਾਰ ਸਜੇ ਲ ਦੀ ਗੁਰੂ ਨਾਨਕ ਦੇ ਫਰੇਮ ਚਿ ਪ੍ਰੇਸ਼ ਕਰ ਰਹੇ ਹਨ। ਉਹ ਆ ਕੇ ਟਿਕਦੇ ਨਹੀਂ ਬਲਕਿ ਅਗ੍ਾਂ ਧ ਰਹੇ ਹਨ। ਏਦਾਂ ਦਾ ਸੰਕੇਤ ਉਹਨਾਂ ਦੇ ਪੈਰਾਂ ਦੀ ਗਤੀ ਤੋਂ, ਪਾਏ ਹੋਏ ਸਤਰਾਂ ਦਾ ਪਿਛਾਂਹ ਲ ਨੂੰ ਹੋਣ ਰਾਹੀਂ ਦਰਜ਼ ਹੁੰਦਾ ਹੈ।

ਉਹਨਾਂ ਨੂੰ ੱਡੇਰੀ ਉਮਰਦੇ ਰੂਪ ਚਿ ਦਿਖਾਇਆ ਹੈ। ਸਰੋਤਾਂ ਤੋਂ ਗਿਆਤ ਹੁੰਦਾ ਹੈ ਉਹ ਜੂਨ ਮਹੀਨੇ ਦੇ ਦਿਨੀਂ 1510 ਨੂੰ ਜਗਨ ਨਾਥ ਪੁਰੀ ਸਨ। ਇਸ ਹਿਸਾਬ ਨਾਲ ਉਸ ੇਲੇ ਉਹਨਾਂ ਦੀ ਉਮਰ ਇੱਕਤਾਲ਼ੀ ਸਾਲ ਦੀ ਸੀ। ਚਿਤੇਰਾ ਗੁਰੂ ਜੀ ਨੂੰ ਉਮਰ ਅਨੁਰੂਪ ਨਹੀਂ ਬਣਾ ਰਿਹਾ। ਇਸ ਦੇ ਬਾਜੂਦ ਉਹ ਇਕਹਰੇ ਸਰੀਰ, ਚੰਗੇ ਕੱਦ-ਕਾਠ ਾਲੇ ਹਨ।

ਉਹਨਾਂ ਨੇ ਪੀਲੀ ਦਸਤਾਰ ਅਤੇ ਇਸੇ ਰੰਗ ਦਾ ਪੈਰਾਂ ਤਕ ਲੰਬਾ ਚੋਲਾ ਪਹਿਨਿਆ ਹੋਇਆ ਹੈ। ਮੋਢਿਆਂ ਉੱਪਰ ਨੀਲੇ/ ਜਾਮੁਨੀ ਰੰਗ ਦੀ ੱਡੀ ਚਾਦਰ ਹੈ। ਪੈਰਾਂ ਦੀ ਰਾਖੀ ਲਈ ਹੀ ਲੱਕੜ ਦੇ ਪਉਏ' ਪਹਿਨੇ ਹੋਏ ਹਨ ਜਿਨ੍ਹਾਂ ਦਾ ਕੁਝ ਹਿੱਸਾ ਜੜੀ-ਬੂਟ ਚਿ ਲੁਕਿਆ ਹੋਇਆ ਹੈ।

ਦਸਤਾਰ ਘੁੱਟ ਕੇ ਬੰਨੀ ਨਹੀਂ ਲਗਦੀ। ਇਹ ਢਿੱਲੀ ੀ ਨਹੀਂ, ਪਰ ਚੋਲਾ ਕਾਫ਼ੀ ਖੁੱਲ੍ਹਾ-ਡੁੱਲ੍ਹਾ ਹੈ।

ਚਿੱਤਰਕਾਰ ਆਕਾਰ ਤੜਕ-ਭੜਕ ਾਲਾ ਨਹੀਂ ਬਣਾਉਂਦਾ। ਆਪਣੇ ਨੂੰ ਸੰਜਮ ਚਿ ਰੱਖ ਕੇ ਕੰਮ ਕਰਨਾ ਔਖਾ ਹੁੰਦਾ ਹੈ। ਆਮ ਤੌਰ ਉੱਪਰ ਕਈ ਚਿਤੇਰੇ ਤਿਆਰ ਕੀਤੇ ਚਿੱਤਰਾਂ ਨੂੰ ਬੇਲੋੜੀਆਂ ਚੀਜ਼ਾਂ ਨਾਲ ਭਰ ਦੇਂਦੇ ਹਨ। ਇਸ ਪੱਖੋਂ ਇਹ ਰਚਨਾ ਸਾਦ-ਮੁਰਾਦੀ ਹੈ। ਇਥੋਂ ਤਕ ਕਿ ਨਾ ਹੱਥ ਚਿ ਸਿਮਰਨਾ ਹੈ ਅਤੇ ਨਾ ਹੀ ਗਲ਼ ਦੁਆਲੇ ਭਾਂਤ-ਭਾਂਤ ਦੀਆਂ ਮਾਲਾਂ।

ਗੁਰੂ ਜੀ ਨੇ ਆਪਣੇ ਅਧਿਆਤਮਕ ਅਨੁਭ ਆਧਾਰ ਉੱਪਰ ਜਿਸ ਆਰਤੀ ਨੂੰ ਨਿਰੂਪੱਤ (ਿਜ਼ੁਅਲਾਇਜ਼ਡ) ਕੀਤਾ ਉਸ ਸਥਿਤੀ ਨੂੰ ਚਿੱਤਰਕਾਰ ਆਪਣੀ ਤਰ੍ਹਾਂ ਕਲਪਦਾ/ਬਣਾਉਂਦਾ ਹੈ ਜਿਥੇ ਗੁਰੂ ਨਾਨਕ ਦੇ ਦੀ ਸਰੀਰਕ ਅਸਥਾ ਕੇਂਦਰ ਚਿ ਹੈ। ਦੂਜੇ ਸ਼ਬਦਾਂ ਚਿ ਗੁਰੂ ਜੀ ਨੂੰ ਬ੍ਰਹਿਮੰਡ ਦੀ ਗਰਦਿਸ਼ ਦਰਮਿਆਨ ਰੱਖਣ ਦਾ ਯਤਨ ਕੀਤਾ ਹੈ। ਭਾੋਂ ਕਿ ਇਹ ਦ੍ਰਿਸ਼ ਉਸ ਸਮੁੱਚੇ ਰਤਾਰੇ ਦੇ ਸਾਹਮਣੇ ਨਿਗੂਣਾ ਹੈ ਤਾਂ ੀ ਹੋਈ ਕੋਸ਼ਿਸ਼ ਭਿੰਨਤਾ ਾਲੀ ਹੈ।

ਗੁਰੂ ਨਾਨਕ ਦੇ ਦੇ ਪਿਛਲੇ ਪਾਸੇ ਸੂਹੇ ਲਾਲ ਰੰਗ ਦੇ ਫੁੱਲਾਂ ਨਾਲ ਭਰੇ ਰੁੱਖ ਦੀਆਂ ਟਹਿਣੀਆਂ ਹਨ। ਦੂਰ ਪਹਾੜਾਂ ਦੀਆਂ ਸਿਖਰਾਂ ਦੇ ਪਿਛੋਕੜ ਚਿ ਅਸਮਾਨ ਹੈ। ਪਹਾੜਾਂ ਉੱਪਰ ਚੜ੍ਹੀ ਲਾਲਿਮਾ ਦੀ ਪਰਤ ਦਸਦੀ ਹੈ ਜਿੰਂ ਦੂਰ, ਚਿੱਤਰ ਫਰੇਮ ਤੋਂ ਬਾਹਰ ਕੋਈ ਸੂਰਜ ਉਦੈ ਜਾਂ ਅਸਤ ਹੋ ਰਿਹਾ ਹੈ। ਜਲਦ ਹੀ ਲਾਲਿਮਾ ਾਲੀ ਇਹ ਥਾਂ ਹਲਕੀ ਹੁੰਦੀ ਹੁੰਦੀ ਹਲਕੇ ਤੋਂ ਗੂੜ੍ਹੇ ਹੁੰਦੇ ਨੀਲੇ ਰੰਗ ਚਿ ਤਬਦੀਲ ਹੋ ਜਾਂਦੀ ਹੈ। ਸਮੁੱਚ ਦੀ ੱਖਰੀ ਇਕਾਈ ਹੈ।

ਗੁਰੂ ਨਾਨਕ ਦੇ ਦਾ ਸਿਰ ਹਲਕਾ ਜਿਹਾ ਉਤਾਂਹ ਲ ਹੈ। ਜਦ ਕੋਈ ਸ਼ਖ਼ਸ ਦੂਰ ਲ ਦੇਖਣਾ ਚਾਹੁੰਦਾ ਹੈ ਤਾਂ ਏਦਾਂ ਹੋ ਜਾਣਾ ਸੁਭਾਕਿ ਹੀ ਹੈ। ਉਹਨਾਂ ਦਾ ਖੁਲ੍ਹਿਆ ਸੱਜਾ ਹੱਥ ਅਤੇ ਖੱਬੇ ਹੱਥ ਦੀ ਹਰਕਤ ਮਨ ਅੰਦਰ ਪੈਦਾ ਹੋਏ ਅਸਚਰਜ ਚਿ ਰਹਿ ਕੇ ਆਪਣੇ ਭਾਾਂ ਨੂੰ ਰੂਪਾਂਤਰਿਤ ਕਰ ਰਿਹਾ ਹੈ। ਅਜੋਕੇ ਸਮੇਂ ਦੇ ਕੁਝ ਕਲਾਕਾਰ, ਜੋ ਨਾ ਆਪ ਮਰਿਆਦਿਤ ਹਨ ਅਤੇ ਨਾ ਹੀ ਸਿੱਖ ਮਰਿਆਦਾ ਤੋਂ ਜਾਣੂ ਹਨ, ਨਿਜੀ ਸ਼ੋਹਰਤ ਹਿਤ ਅਮੰਨਣਯੋਗ ਚਿੱਤਰ ਉਲੀਕਣ ਦੇ ਰਾਹੇ ਪਏ ਹੋਏ ਹਨ।

ਉਹਨਾਂ ਦੇ ਸੱਜੇ ਦੂਰ ਤਕ ਅਤੇ ਬਿਲਕੁਲ ਸਾਹਮਣੇ ਾਲੀ ਦਿਸ਼ਾ ਪ੍ਰਕਿਰਤਕ ਇਕਾਈਆਂ ਨਾਲ ਭਰਪੂਰ ਹੈ। ਸਮੁੱਚੀ ਥਾਂ ਉੱਚੀ-ਨੀਂਾਂ ਹੈ, ਜਿਸ ਦੀ ਸਤਰ ਉੱਪਰ ਜੋ ਛੋਟੇ-ੱਡੇ ਰੁੱਖ, ਜੜੀ-ਬੂਟ ਹਰਿਆਲ ਰੂਪ ਚਿ ਦਿਸ ਆਉਂਦੀ ਹੈ, ਉਹ ਪਛਾਣਨਯੋਗ ਨਹੀਂ। ਸੰਭ ਹੈ ਚਿਤੇਰੇ ਨੂੰ ਇਹਨਾਂ ਦੀ ਪਛਾਣ ਹੋ, ਪਰ ਅਗ੍ਹਾਂ ਤੁਰਦਿਆਂ, ਉਹ ਦਰਸ਼ਕਾਂ ਤਕ ਉਹਨਾਂ ਦਾ ਸੰਚਾਰ ਨਾ ਕਰ ਸਕਿਆ ਹੋ। ਇਹ ਇਕਾਈਆਂ ਥਾਂ ਨੂੰ ਭਰਨ ਦੇ ਨਾਲ-ਨਾਲ ਉਸ ਦੀ ਸਜਾਟ ੀ ਕਰ ਰਹੀਆਂ ਹਨ। ਦਿਖਣ ਾਲਾ ਬਲਸ਼ਾਲੀ ਮੋਟਿਫ ਭਾਣੀ ਹੈ ਜਿਹੜਾ ਕਿਸੇ ੀ ਥਾਂ ਟਿਕਿਆ ਹੋਇਆ ਨਹੀਂ ਬਲਕਿ ਗਤੀਸ਼ੀਲ ਹੈ। ਜਲ ਸਰੋਤ ਉੱਪਰੋਂ ਥੱਲੇ ਲ ਨੂੰ ਨਿਰੰਤਰ ਹਿ ਰਿਹਾ ਹੈ, ਜਿਸ ਤਰ੍ਹਾਂ ਦਾ ਰਾਹ ਉਸ ਨੂੰ ਮਿਲ ਰਿਹਾ ਹੈ। ਤੁਰਦੇ ਜਲ ਸਰੋਤਾਂ ਦੀ ਆਾਜ਼ ਦੁਆਲੇ ਨੂੰ ਸੰਗੀਤਮਈ ਬਣਾ ਰਹੇ ਹਨ।

ਖੱਬੇ ਲੱਡੇ ਆਕਾਰਾਂ ਚਿਾਲਿਓਂ ਲੋਅ ਦਾ ਜਖੀਰਾ ਦਿਸ ਰਿਹਾ। ਇਹ ਇਸੇ ਧਰਤੀ ਦਾ ਅੰਗ ਹੋ ਸਕਦਾ ਹੈ, ਕਿਸੇ ਹੋਰ ਪੁਲਾੜ ਲ ਦਾ ਸੰਕੇਤ ੀ ਹੋ ਸਕਦਾ ਹੈ। ਇਹੋ ਲੋਅ ਬਾਕੀ ਦੀ ਸਪੇਸ ਨੂੰ ਪ੍ਰਕਾਸ਼ਿਤ ਕਰ ਰਹੀ ਹੈ ਜਿਸ ਆਸਰੇ ਇਕਾਈਆਂ ਦਾ ਆਕਾਰ, ਪ੍ਰਕਾਰ, ਰੰਗ ਉਘੜ ਰਿਹਾ ਹੈ।

ਗੌਰ ਨਾਲ ਦੇਖਣ ਉਪਰੰਤ ਪਤਾ ਚਲਦਾ ਹੈ ਗੁਰੂ ਨਾਨਕ ਦੇ ਦੀ ਦ੍ਰਿਸ਼ਟੀ ਉਸੇ ਦਿਸ਼ਾ ਲ ਹੈ; ਦ੍ਰਿਸ਼ਟੀ ਦਾ ਹੋਰ ਸਤਾਂ ਤੋਂ ਹੱਟ ਕੇ ਉਧਰ ਨੂੰ ਹੋਣਾ ਸਾਧਾਰਣ ਗੱਲ ਨਹੀਂ, ਇਹਦੇ ਰਾਹੀਂ ਚਿਤੇਰਾ ਗੁਰੂ ਜੀ ਦੇ ਉਦੇਸ਼ ਸਿੱਖਿਆ ਲ ਇਸ਼ਾਰਾ ਕਰ ਰਿਹਾ ਹੈ।

ਗੁਰੂ ਨਾਨਕ ਕਿਸੇ ਅਿਕਤੀ ਦੇ ਪੂਜਕ ਨਹੀਂ ਰਹੇ।

ਸ਼ਬਦ ਗਿਆਨ ਰਾਹੀਂ ਪਰਮ ਪੁਰਖ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਪੂਰਾ ਸਫ਼ਰ ਸਾਕਾਰ ਤੋਂ ਨਿਰਾਕਾਰ, ਸਰਗੁਣ ਤੋਂ ਨਿਰਗੁਣ ਲ ਦਾ ਹੈ, ਗਿਆਨ ਦਾ ਪ੍ਰਕਾਸ਼ ਨਾਲ ਅਟੁੱਟ ਸੰਬੰਧ ਹੈ ਅਤੇ ਪ੍ਰਕਾਸ਼ ਅੰਧਕਾਰ ਦਾ ਰਿਧੀ ਹੈ। ਚਿੱਤਰ ਚਿ ਪ੍ਰਬਲ ਪ੍ਰਕਾਸ਼ ਦੀ ਪ੍ਰਭਾਸ਼ਾਲੀ ਪ੍ਰਸਤੁਤੀ ਹੈ।

ਸੰਭ ਹੈ ਗੁਰੂ ਜੀ ਉਸੇ ਪ੍ਰਕਾਸ਼-ਪੁੰਜ ਨੂੰ ਦੇਖ ਕੇ ਸਲਾਹ ਰਹੇ ਹਨ। ਸੰਭ ਹੈ ਬ੍ਰਹਮੰਡ ਦੀ ਗਤੀ ਦੇਖ ਉਹ ਜਦ ਚਿ ਆਏ ਹੋਣ ਪਰ ਉਹ ਮਨ-ਸਰੀਰ ਨੂੰ ਅਸਥਿਰ ਕਰਨ ਾਲਾ ਨਹੀਂ ਹੋਗਾ। ਉਸੇ ਦੀ ਝਲਕ ਇਥੇ ਨਜ਼ਰ ਆ ਰਹੀ ਹੈ।

ਜੀ.ਐਸ. ਸੋਹਨ ਸਿੰਘ ਹਲਕੇ ਨੀਲੇ-ਸਫ਼ੈਦ ਰੰਗ ਰਾਹੀਂ ਅੰਡਾਕਾਰ ਚੱਕਰ ਉਲੀਕਦਾ ਹੈ। ਇਹ ਗ੍ਰਹਿ ਦੁਆਲੇ ਘੁੰਮਣ ਾਲੇ ਉਪ ਗ੍ਰਹਿ ਦਾ ਰਾਹ ਹੁੰਦਾ ਹੈ। ਚਿਤੇਰੇ ਨੇ ਕਈ ਪੱਧਰ ਦੇ ਗ੍ਰਹਿ ਪੱਥ ਬਣਾਏ ਹਨ। ਇਸ ਰਾਹੀਂ ਉਹ ਪ੍ਰਿਥੀ ਨੂੰ ਬ੍ਰਹਿਮੰਡ ਦਾ ਇਕ ਦਿਸ਼ਾ ਤੋਂ ਦੂਜੀ ਦਿਸ਼ਾ ਲ ਜਾ ਰਹੇ ਲਗਦੇ ਹਨ। ਖ਼ਲਾਅ ਚਿ ਅਨੇਕਾਨੇਕ ਗ੍ਰਹਿ ਗਰਦਿਸ਼ ਚਿ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਗੁਰੂ ਨਾਨਕ ਉਸ ਅਨੰਤ ਦਾ ਜ਼ਿਕਰ ਆਪਣੀ ਬਾਣੀ ਆਰਤੀ' ਚਿ ਕਰਦੇ ਹਨ।

ਰਬਿੰਦਰ ਨਾਥ ਟੈਗੋਰ ਨੇ ਗੁਰੂ ਨਾਨਕ ਰਚਿਤ ਆਰਤੀ' ਪੜ੍ਹੀ ਤਾਂ ਇਸ ਅੰਦਰਲੀ ਆਿਪਕਤਾ, ਅਧਿਆਤਮਕ ਅਨੁਭ ਨੂੰ ਮਹਿਸੂਸਦਿਆਂ ਕਿਹਾ ਸੀ ਇਸ ਨੂੰ ਅੰਤਰ ਰਾਸ਼ਟਰੀ ਗੀਤ' ਦਾ ਦਰਜਾ ਦੇ ਦਿੱਤਾ ਜਾਣਾ ਚਾਹੀਦਾ ਹੈ।

ਚਿੱਤਰ ਦੇਖਦਿਆਂ ਹੀ ਅੱਖਾਂ ਦਾ ਸਾਹਮਣਾ ਨੀਲੇ, ਲਾਲ, ਸਫੈਦ ਰੰਗ ਨਾਲ ਹੁੰਦਾ ਹੈ। ਜ਼ਿਆਦਾ ਥਾਂ ਨੀਲੇ ਹਿੱਸੇ ਆਈ ਹੈ। ਨੀਲੇ ਨੂੰ ਸਿਆਹ ਨਾਲ ਮੇਲ ਕੇ ੀ ਰਤਿਆ ਹੈ। ਓਦਾਂ ੀ ਦੂਰ ਦੀਆਂ ਸਤਾਂ ਨੀਲੇ ਧੁੰਦਲਕੇ ਚਿ ਲਿਪਟੀਆਂ ਲਗਦੀਆਂ ਰਹਿੰਦੀਆਂ ਹਨ। ਨੀਲੇ ਦੀਆਂ ਦਿਸਦੀਆਂ ਖੱ-ਖ ਰੰਗਤਾਂ ਇਸੇ ਦਾ ਨਤੀਜਾ ਹੈ। ਲਾਲ ਰੰਗ ਨੂੰ ਖਿੜੇ ਫੁੱਲਾਂ ਹਿਤ ਅਤੇ ਚੜ੍ਹਦੇ-ਲੱਥਦੇ ਸੂਰਜ ਦੀ ਲੋਅ ਲਈ ਰਤਿਆ ਹੈ।

ਚਿੱਤਰਕਾਰ ਆਪਣੇ ਰਚੇ ਖਲਾਅ, ਾਤਾਰਣ ਚਿ ਆਪਣੇ ਗੁਰੂਦੇ' ਨੂੰ ਚਿਤਦਾ ਅਤੇ ਚਿੱਤਰਦਾ ਹੈ।

---

*(ਚਿੱਤਰ, ਆਰਤੀ ਅਤੇ ਸ਼ਬਦ-ਗਾਯਨ ਲਈ ਵੇਖੋ ਟਾਈਟਲ ਪੰਨਾ: 4)*

# Dhur ki bani in Sri Guru Granth Sahib

**- Bably S. Singh Ludhiana**

**Dhur ki bani in Sri Guru Granth Sahib** is not only 'GURBANI'. Its the most sacred, an invaluable treasure of Divine knowledge. a University of Moral, Spiritual and Religious education. Gurbani teaches us a great fact.that is."JIN ATAM TATT (ਤਤੁ) NA CHEENEYA|| (ਚੀਨਿਆ) SABH FOKAT DHARAM ABHEENEYA" || (Ang 35 SGGS). Attam Tatt is the most sacred bliss to be obtained by realizing one's ownself, own conscience. By becoming humble, true to one's ownself and to others. You must listen to your conscience it never lies. Must admit your mistakes.dont deny your weaknesses. Sins and mistakes are committed to gain worldly pleasures. Falsehood, worldly pleasures keep us away from our own conscience, and from the Almighty GOD too. Being fanatical is wrong.

Religion is ‘to be religious minded.' And the noble character of a religious minded devoted soul is beautifully sketched in divine words by Guru Arjan devji in the 9th asatpadi of sri Sukhmani sahib. Sukhmani is the most blessed gift from sri Guru Arjan devji. In this asatpadi.Guru Arjan has sketched the character of a true devoteea true saint a true Pandit a scholar of the divine knowledge.

According to Guru Arjan an APARAS, a true pandit true devotee of God will never touch falsehood.he will throw away all evil desiresdefeat all the sinful passionsconquer all the wrong instincts and then He will become true, filled with love for GODand HIS children.he will humbly serve the holy saints.Nanak says such a true soul will be rare one among millions and will enjoy the vision of GOD the Almighty. Such a sacred person will maintain a high character, posses a high moral. "PAR TRIYE ROOP NA PEKHEY NETAR" || (from 9th astpadi sri Sukhmani sahib) Will never slander against anyone.living apart from all the worldly Mayaall the Evils .performs good deeds without expecting any reward in return. "URDHAREY JO ANTAR NAAM|| SARAB MAI PEKHEY BHAGVAAN || He will meditate within his mind, recite HIS name and inspire everyone to remember HIS name.and will remain kind and loving to HIS childrento all. Such a pure soul obtains Supreme state.

True devotee of the Almighty will forsake comparison of all wicked peoplenever keeps any doubts'bharam' in his mind removes all the dirt from his mindhe receives supreme wisdom , while accompanying the holy people. He dedicates his mind and body to HIS LOTUS FEET 'CHARAN KAMAL' of GOD. Such a sacred soul very easily forgives others and humbly begs for forgiveness after committing a mistake. He believes in "JAHA LOBH TEH KAAL HAI || JAHA KHIMMA TEH AAP" || SGGS ang 1372. Such a sacred soul attains GOD the

Almighty. True Pandit . is a true religious Scholar who instructs his own mind and searches for HIS name from within himself.then the world obeys his teachings. Everyone pays regards to every word he speaks. He knows the basic fundamentals of Vedas.Puranaas and Simrities. He guides everyone on the right religious path. Such a sacred soul then . never cast into the womb of reincarnation again.

A true devotee, knows that this visible world is in the hands of the invisible Almighty GOD. Religious minded saintly soul loves one and all irrespective of any class and NANAK bows HIS head to such a great Soul. GURU ARJAN says "BRAHAM GYANI SADAA NIRLEP || JAISEY JAL MEH KAMAL ALEP||" ang 272.SGGS. Such a soul understands everything and amidst everything he remains unattached to the worldlyness. These rare people who attain HIS name are emanicipated.they enshrine HIS name within and can save even the ghosts.beasts and evil souls also. HIS name is the personification of Bliss and Salvation.but only those people can attain HIS name " JIS KAI MASTAK GUR HAATH TISS HIRDEY HAR GUNH TIKEH" SGGS.ang 1115.

Only those persons can obtain HIS name whose karma is so pre ordained.its a rare blissa rare blessing for very rare people. And then for such a sacred soul NANAK says that "JAN NANAK DHOOR MANGAI TISS GURSIKH KI || JO AAP JAPPAI AVRA NAAM JAPAVAI" || SGGS. aag 308. Such a pure souls loves the will of GOD and for him Joy and Sorrow .gold or dustambroisal nectar or poison .all are same. Since he has dropped Ego, so now honour or dishonour, Beggar or King makes no difference for him. All are equal for him. He accepts Life as a gift from GOD.

Never malignants his Life and mind with grudge.jealousy or enemity or any evil thought. He believes in "KAHAA UDEESEY MAJJAN KEEYA|| KEYA MASEET SIR NAAYEE|| DIL MEH KAPAT NIWAAJ GUJAARAI KEYA HAJJ KABAI JAAEE ||SGGS. ang 1349. Such a noble soul never keeps any malice for anyone, kind . forgiving and loving soul believes that all places belong to GOD.HE is the cause.the doer of everthing.and every thing is happening according to HIS WILL. HE is a merciful creator ETERNAL ONE. SO This is how GURU ARJAN has explained the APARAS. BAISNO. PANDIT. BRAHAM GYANI in 9th asatpadi in Sukhmani sahib. GURU ARJAN says such a sacred soul is blessed , Honoured by the ALMIGHTY HIMSELF. He is enlightened with an intellectual understanding. blessed with an ECSTASY and is honoured in the Divine Court of the Almighty. Thus 9th asatpadi is teaching us to build our character so high .waheguru wants us to be true noble.religious like an APARAS. Lets throw ourself before HIM.on HIS Doorand beg. "JAB HUM SARAN PRABHU KI AAYI RAAKH PRABHU BHAAVAI MAAR"|| ang 527 AND "AAPNI CHARNI LAAVOH"|| lets pray to HIM . and beg for HIS

NAME "IK BOOND NAAM MUKH DEEJAY "|| ang 1323. lets be as our GURU wants us puretrue humble and Nirdokh, then HE will definetly come, and embrace us bless us with HIS GRACE.

---

## धर्म और संगीत

**डा. रश्मीत सिंह**

भारतीय संगीत की अध्यात्मिक पृष्ठ–भूमि सदियों के इतिहास में छुपी हुई है क्योंकि भारतीय धर्मों के इतिहास में अपने ईष्ट की साधना हित साधक सदियों से अपनी–अपनी संप्रदानुसार कार्यशील रहे हैं। इनकी आध्यात्मिक साधना और साधना के विभिन्न प्रकारों ने यहां की ललित कलाओं पर गहरा प्रभाव डाला है, क्योंकि इन कलाओं के गहन अध्ययन व व्याख्या और साधना में धर्म की मूल प्रवृति पाई जाती है। संगीत की उत्पत्ति सम्बन्धी मूल रूप में संगीत को दैवी सृजना माना गया है। सम्बन्धी अनेकों मत प्रचलित है, परन्तु सभी धार्मिक समुदाय में संगीत की उत्पत्ति को अपने साथ जोड़ लिया है। जिस तरह शिव जी के हाथ में डमरू, सरस्वती जी के हाथ में वीणा, विष्णु भगवान के हाथ में शंख, श्री कृष्ण जी के हाथ में बांसुरी और नारद जी के हाथ में एकतारा साज वर्णनयोग है।

वेदों के संगीत को उत्तम और भारतीय संगीत का मूल माना जाता है। वैदिक काल की संगीत परम्परा में सामवेद ग्रंथ के मंत्रों का गायन शुरू में अदात, उदात, स्वरित तीन सुरों में किया जाता था। इन तीन सुरों के बाद सम्पूर्ण सप्तक होंद में आया और यह बात ताल और लय के बारे में भी इसी प्रकार कही जा सकती है।

जैसे कि प्राचीन काल से ही भारतीय संगीत में साजों का मुख्य स्थान रहा है। मनुष्य ने जब बोलना सीखा तो उस की सभ्यता के साथ–साथ संगीत का रूप भी उस के सामने आ गया। भले ही वह किसी भी रूप में था। सबसे पहले गायन की संगत के लिए साजों का प्रयोग करते थे। विद्वानों का विचार है कि मनुष्य ने सब से पहले जमीन में गडा खोदा, उस के बाद उस के बाद उसके ऊपर किसी जानवर के खोल को चढ़ाया और उसके ऊपर किसी ठोस वस्तु से हमला किया तथा चोट मारी, जिस से तरंगे पैदा हुई और साज यन्त्र की उत्पत्ति हुई। रामायण, महाभारत, काल और भारतीय संगीत के विभिन्न ग्रन्थों में हमें अनेक प्रकार के साजों की जानकारी मिलती है। जैसे वैदिक काल में दुंदुभी, मृदंग, डिमडिम, ढोल, नगाडा, भेरी आदि साजों का उल्लेख हमें मिलता है। गुरू नानक देव जी द्वारा रबाब, गुरू अमरदास जी और अर्जुन देव जी द्वारा सारंदा, गुरू हरगोविन्द जी द्वारा ताऊस, इसराज और गुरू गोविन्द सिंह जी द्वारा दिलरूबा, तंबुरा साजों का कीरतन से प्रचार और प्रसार मिलता है।

भारतीय संगीत साज अनेक प्रकार के होते है। परन्तु इन के निर्माण के लिए तांबा, लकड़ी, मिटटी, लोहा और पीतल आदि अनेक ही धातुओं का प्रयोग करना पड़ता है। इन साजों की चार श्रेणियां है :– तत् वाद्य, सुषिर वाद्य, अवनद्ध वाद्य व घन वाद्य। तत् वाद्य वह है जिस में तार को उंगलियों से बजाया जाता है। जैसे वीणा, सितार, सरोद और तंबूरा।

वितत्, साज वह है जो गज की सहायता से बजते है। जिसमें दिलरूबा, इसराज, बेला, ताऊस आदि आते हैं। सुषिर वाद्य वह है जिनका निर्माण लोहा, लकड़ी, तांबे, पीतल आदि धातुओं से किया जाता है। इनमें हारमोनियम, बांसुरी, शहनाई, बीन आदि साज आते हैं। और अवनद्ध वाद्य वह वाद्य है, जिनमें चमड़ा मढ़ा हुआ होता है और उस पर चोट करने से ध्वनि पैदा होती है। यह साज ज्यादातर ताल बजाने के काम आते हैं। इनमें मृदंग, ढोलक, तबला, नगाड़ा आदि वाद्य आते हैं और चौथे प्रकार का वाद्य घन वाद्य है। जिसमें आवाज की उत्पत्ती लकड़ी के यंत्र से की जाती है। यह आपसी स्पर्श से बजते हैं। जिसमें मंजीरा, खड़ताल, जलतरंग वाद्य आते है।

संगीत में मूल आधार साज के रूप में तानपूरे का प्रयोग किया जाता है। यह तंतीसाज जिसमें सप्तक के समूह स्वर सहायक स्वर प्राप्त होते हैं। इसको स्वरों की शुद्धता का प्रतीक माना जाता है। इसी आधार पर भिन्न–भिन्न तंती साज विकसित हुऐ हैं। भारतीय संगीत की प्राचीन वादन परम्परा वाद्यों पर ही आधारित है। प्राचीन समय में समूह वाद्यों को वीणा के नाम से पुकारा जाता था। उदाहरण में करकरी, वीणा, बाण वीणा, गोधा वीणा आदि। यहां तक के मनुष्य शरीर को भी गायत्री वीणा कहा जाता है। तंतीसाजों में तन्द और तार का प्रयोग किया जाता है। भारतीय संगीत के स्वर क्यों जो एक स्थान पर सदा स्थिर नहीं होते। भाव के एक ही स्वर के अलग–अलग रागों और परम्पराओं में भिन्न रूप उपलब्ध होते हैं। उदाहरण ऋषभ का स्थान चाहे सप्तक में निश्चित है पर भैरव, तोड़ी, मारवा, श्री आदि रागों के लिए इस का प्रयोग भिन्न भिन्न विधियों द्वारा किया जाता है। स्वर के इन विभिन्न रूपों की प्राप्ति तंतीसाजों द्वारा सम्भव है। यह भारतीय संगीत की विलक्षणता है और मौलिकता भी है।

संगीत के साजों के बारे में प्राचीन मध्यकालीन और आधुनिक निरिक्षण बड़ा जरूरी था। क्योंकि आदिकाल से ही मनुष्य अपने रोटी कपड़ा और मनोरंजन के लिए कोई न कोई सहारा ढूंढता रहा है। इस प्रकार भारतीय साजों की पुरातन मध्यकालीन और आधुनिक वादन विधि में परिवर्तन आता रहा और साजों का आकार भी बदलता आया है। गायन, वादन और नृत्यकला के बदलाव में भी साजों की महत्वपूर्ण भूमिका है। साजों का वर्गीकरण, महत्व साजों के उपकरणों में अनेकों तबदीलीयों के कारण भी साजों के नए वर्गीकरण की जरूरत 20वीं सदी का एक महत्वपूर्ण कार्य है।

**मयूज़िक थरैपिस्ट, करनाल (09813845537)**

# ਰਾਗ ਆਸਾਵਰੀ

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਆਸਾਵਰੀ ਠਾਠ ਦਾ ਮੁੱਖ ਰਾਗ ਆਸਾਵਰੀ ਓਢਵ ਸੰਪੂਰਨ ਜਾਤੀ ਦਾ ਹੈ ਜਿਸ ਵਿੱਚ ਗੰਧਾਰ, ਧੈਵਤ ਅਤੇ ਨਿਖਾਦ ਕੋਮਲ ਪਰ ਬਾਕੀ ਸੁਰ ਸ਼ੁੱਧ ਹਨ। ਆਰੋਹ ਵਿੱਚ ਗੰਧਾਰ ਅਤੇ ਨਿਖਾਦ ਵਰਜਤ, ਧ-ਗ ਵਾਦ ਸੰਵਾਦ ਅਤੇ ਗਾਉਣ ਦਾ ਸਮਾਂ ਦਿਨ ਦਾ ਦੂਸਰਾ ਪਹਿਰ ਹੈ। ਰਾਗ ਜੌਨਪੁਰੀ ਦੀਆਂ ਸੁਰਾਂ ਤਕਰੀਬਨ ਇਹੀ ਹਨ ਅੰਤਰ ਸਿਰਫ ਏਨਾ ਹੈ ਕਿ ਜੌਨਪੁਰੀ ਦੇ ਆਰੋਹ ਵਿੱਚ ਨਿਖਾਦ ਵਰਜਤ ਨਹੀਂ। ਆਸਾਵਰੀ ਨਾਲੋਂ ਜੌਨਪੁਰੀ ਜ਼ਿਆਦਾ ਪ੍ਰਚਲਤ ਹੈ ਕਿਉਂਕਿ ਆਰੋਹ ਵਿੱਚ ਨਿਖਾਦ ਦਾ ਪ੍ਰਯੋਗ ਸੁਭਾਵਕ ਹੀ ਹੋ ਜਾਂਦਾ ਹੈ। ਅਵਰੋਹ ਕਰਦੇ ਸਮੇਂ ਆਸਾਵਰੀ ਵਿੱਚ ਰਿਖਬ ਉੱਤੇ ਖਰਜ ਦਾ ਕਣ ਲੱਗਦਾ ਹੈ। ਇਸ ਰਾਗ ਦੇ ਨਿਆਸ ਦੇ ਸੁਰ ਖਰਜ, ਪੰਚਮ ਅਤੇ ਧੈਵਤ ਹਨ।

**ਆਰੋਹ**: ਸ ਰ ਮ ਪ, ਧੁ, ਸੰ

**ਅਵਰੋਹ**: ਸੰ ਨੁ ਧੁ, ਪ, ਮ ਗੁ, ਰ ਸ

**ਮੁੱਖ ਅੰਗ**: ਮ ਪ ਧੁ ਮ ਪ ਗੁ ਰ ਸ।

**ਚਾਲ**: ਸ-ਨੁ਼ ਧੁ਼ ਸ, ਰ ਸ ਨੁ਼ ਧੁ਼ ਸ, ਸ ਰ ਨੁ਼ ਧੁ਼ ਧੁ਼ ਸ, ਸ ਰ ਮ ਪ – ਧੁ ਮ ਪ ਧੁ ਮ ਪ ਗੁ (ਸ)ਰ – ਸ,
ਰ ਮ ਪ ਧੁ ਧੁ ਪ – ਧੁ ਮ ਪ ਧੁ ਮ ਪ (ਮ)ਗੁ – (ਸ)ਰ – ਮ – ਪ, ਰ ਮ ਰ ਮ ਪ – ਰ ਮ ਪ ਧੁ ਧੁ
ਪ – ਨੁ ਧੁ – ਪ, ਧੁ ਮ ਪ ਗੁ – ਰ ਮ ਪ ਨੁ ਧੁ ਪ, ਮ ਪ ਧੁ ਸੰ, ਸੰ ਰੰ ਗੁੰ ਗੁੰ ਰੰ ਸੰ, ਸੰ ਨੁ ਧੁ
ਪ – ਮ ਪ ਧੁ ਮ ਪ ਗੁ – (ਸ)ਰ – ਨੁ਼ ਧੁ਼ – ਸ।

## ਰਾਗ ਆਸਾਵਰੀ (ਤਿੰਨ ਤਾਲ)

### ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | (ਗੁ)ਰ | ਮ | – | ਪ | – | ਪਧੁ | ਮਪ | ਪ | ਸੰ | ਸੰ | – | ਨੁਧੁ | ਨੁਧੁ | ਪ | ਧੁਪ |
| ਤੇ | ऽ | ਰਾ | ऽ | ਕੀ | ऽ | ਆऽ | ऽऽ | ਮੀ | ऽ | ਠਾ | ऽ | ਲਾऽ | ऽऽ | ਗੈ | ਹਰ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| (ਪ)ਮ | – | ਮ | ਮ | ਪਧੁ | ਮਪ | ਪਧੁ | ਮਪ | (ਮ)ਗੁ | – | ਗੁਰ | ਸ | (ਸ)ਰ | – | ਸ | – |
| ਨਾ | ऽ | ਮ | ਪ | ਦਾऽ | ऽऽ | ਰੁऽ | ਥੁऽ | ਨਾ | ऽ | ਨੁऽ | ਕ | ਮਾਂ | ऽ | ਗੈ | ऽ |
| ੦ | | | | ੩ | | | | x | | | | ੨ | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਮ | ਪ | – | (ਨੁ)ਧੁ | – | ਨੁ | ਧੁ | ਸੰ | – | ਸੰ | ਸੰ | ਸੰਰੰ | ਸੰਨੁ | ਸੰ | – |
| ਹ | ਰ | ਕਾ | ऽ | ਨਾ | ऽ | ਮ | ਰਿ | ਦੈ | ऽ | ਨਿ | ਤ | ਧਿਆ | ऽऽ | ਈ | ऽ |
| ਨੁ | – | ਨੁ | ਧੁ | ਸੰ | – | ਸੰ | – | ਸੰਰੰ | ਸੰਨੁ | ਸੰਰੰ | ਸੰਨੁ | ਧੁ | – | ਪ, | ਧੁਪ |
| ਸੰ | ऽ | ਗੀ | ऽ | ਸਾ | ऽ | ਥੀ | ऽ | ਸੁऽ | ਗੁऽ | ਲੁऽ | ਧਿऽ | ਆ | ऽ | ਈ, | ਹੁਰ |
| (ਪ)ਮ | – | ਮ | ਮ | ਪਧੁ | ਮਪ | ਪਧੁ | ਮਪ | | | | | | | | |
| ਨਾ | ऽ | ਮ | ਪ | ਦਾऽ | ऽऽ | ਰੁऽ | ਥੁऽ | | | | | | | | |
| ੦ | | | | ੩ | | | | x | | | | ੨ | | | |

---

(ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ ਲਈ ਵੇਖੋ ਟਾਈਟਲ ਪੰਨਾ 3)

## ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਆਸਾ ਘਰੁ ੭ ਮਹਲਾ ੫ ॥

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥
ਸੰਗੀ ਸਾਥੀ ਸਗਲ ਤਰਾਂਈ ॥੧॥
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥
ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥

ENGLISH TRANSLATION:

Aasaa, Seventh House, Fifth Mehl:

Meditate continually on the Name of the Lord within your heart. Thus you shall save all your companions and associates. ||1|| My Guru is always with me, near at hand. Meditating, meditating in remembrance on Him, I cherish Him forever. ||1||Pause|| Your actions seem so sweet to me. Nanak begs for the treasure of the Naam, the Name of the Lord. ||2||42||93||

*(SGGS Page: 394)*

RNI Regd. No.46788/89 ISSN 0972-2335



ਰਾਗੁ ਧਨਾਸਰੀ ਮਹਲਾ ੧ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥

*(SGGS Page: 13, 663)*

(Click the Button to listen to “Aarti” rendition by Dr. Jagir Singh)